ਪੋਥੀ

ਸਾਰੁਕਤਾਵਲੀ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਪੋਥੀ

ਸਾਰੁਕਤਾਵਲੀ

ਪ੍ਰਕਾਸ਼ਕ

ਭਾਈ ਪ੍ਰਤਾਪ ਸਿੰਘ ਸੁੰਦ੍ਰ ਸਿੰਘ ਪੁਸਤਕਾਂ ਵਾਲੇ

ਪਬਲਿਸ਼ਰਜ਼ ਮਾਲਕ ਗੁਰਮਤ ਨੇਸ਼ਨ ਏਜੰਸੀ ਬਜ਼ਾਰ ਮਾਈ ਸੇਵਾਂ
ਅੰਮ੍ਰਿਤਸਰ

ਯੂਨੀਅਨ ਪ੍ਰੈਸ ਅੰਮ੍ਰਿਤਸਰ ਵਿਚ ਮਿ. ਜੀ. ਆਰ. ਸੇਠੀ ਪ੍ਰਿੰਟਰ ਦੇ ਪ੍ਰਬੰਧ ਨਾਲ ਛਪੀ।

ਛੋਟਾ

ੴ ਸਤਿਗੁਰਪ੍ਰਸਾਦਿ ॥

ਅਥ ਸਾਰੁਕਤਾਵਲੀ ਭਾਖਾ ਲਿਖ੍ਯਤੇ ॥

ਦੋਹਰਾ ॥ ਸ੍ਰੀ ਪਤਿ ਪ੍ਰਿਥਮ ਨਮਾਮਿ ਮਮ ਯੋਗੀ ਰਿਦੈ ਨਿਵਾਸ ॥ ਭੋਗੀ ਰਿਦਯਉਦਿਸਜੋਵੈਮਮਸੁਮਤਿ ਪ੍ਰਕਾਸ਼ ॥ ੧ ॥ ਦਵੈਯਾ ਛੰਦ ॥ ਗਣਪਤਿ ਨ੍ਰਿਪਵਤ ਭਗਤ ਪ੍ਰਜਾਕੇ ਨਮੋ ਕਣੰ ਕਰ ਅੰਗੀਕਾਰ ॥ ਕਾਮ ਚੋਰ ਬਿਘਨੀ ਬੁਦਿ ਸਸਿ ਕੇ ਪ੍ਰਤਿਦਿਨ ਕਰ ਹੈ ਤਾਸ ਪ੍ਰਹਾਰ ॥ ਰਿਦਯ ਨਕੇਤ ਸਮਾਦਿ ਵਿਭੂਤਿ ਕਰੁਣਾ ਕਰ ਕਰ ਹੈ ਬਿਸਥਾਰ ॥ ਤਾਤੇ ਮੈਂ ਤਿਹ ਕਰੁਣਾਕਰਕੋਕਰੋਂਅਨੇਕਸੁਭਾਵਜੁਹਾਰ ॥ ੨ ॥ ਭੁਜੰਗ ਪ੍ਰਯਾਤ ਛੰਦ ॥ ਨਮੋ ਸਾਰਦਾ ਮਤ ਵਿਦਯਾ ਪ੍ਰਦੈਨੀ ॥ ਕਰੈਮੇਧਾ

ਮੇਧਾ ਜਬਾਕੈ ਤ੍ਰਿਬੈਨੀ ॥ ਕਰੈ ਨਸ਼ਟ ਮੋਹਾਦਿ ਸ਼ਾਂਤਾਦਿਦਿਜੈ ॥ ਹਰੋ ਆਪਕਾਰੀ ਰਿਦੈ ਧਾਮ ਕਿੱਜੈ ॥ ੩ ॥ ਦੋਹਰਾ ॥ ਅਬ ਸ੍ਰੀ ਸਾਰੁਕਤਾਵਲੀ ਭਾਖਾਕ੍ਰਿਤ ਹਰਿਦਯਾਲ ॥ ਵਰਣ ਅਰਥ ਕੇ ਦੇਖਕੈਬੁਧਿਜਨ ਪਢੋਸੰਭਾਲ ॥੪॥ ਨਉ ਖਟ ਦ੍ਵੈਸਤ ਮੂਲ ਬ੍ਰਿਤਿਪੰਦ੍ਰਸਤਿਹ ਅਧਜਾਇ ॥ ਕੰਠ ਧਰੇ ਜੜਤਾ ਹਰੇ ਮੰਗਲ ਅੰਗਲਗਾਇ ॥ ੫ ॥ ਭਾਖਾ ਸਾਰੁਕਤਾਵਲੀ ਸੂਕਤਾਵਲੀਮੂਲ ॥ ਕੇਚਿਤਭਾਖੈ ਸਭਾ ਜਿਤ ਤ੍ਰਿਤੀ ਨਾਮ ਅਨਕੂਲ ॥ ੬ ।

ਅਬਦੋ ਸ਼ਲੋਕ ਕਰਕੇ ਮੰਗਲਾਚਰਨ ਕਹੇ ਹੈਂ ॥

ਛਪਯ ਛੰਦ ॥ ਧਰਮ ਸਰਬ ਸੁਖ ਖਾਨ ਜਾਨ ਸਭ ਕੋ ਹਿਤਕਾਰੋ ॥ ਧਰਮਧਰੇ ਬੁਧਿਮਾਨ ਨਿਰੰਤਰ ਵਿੱਘ ਮਹਾਰੋ

॥ ਧਰਮ ਸਾਂਤਿ ਸੁਖਹੇਤੁ ਨਿਖਲ ਕਿਲ ਕਲਮਲ ਖੋਵਤ ॥
ਤੀਨ ਦੇਵ ਕੇ ਦੇਸ ਧਰਮ ਕਰ ਪ੍ਰਾਪਤਿ ਹੋਵਤ ॥ ਦਸ ਅਸ਼੍ਰ
ਨਰਕ ਕ੍ਰਸ਼੍ਰਨ ਵਿਖੇ ਧਰਮ ਬਿਮੁਖ ਨਰ ਨੀਤ ਗਮ ॥ ਹੈ
ਧਰਮ ਸਾਰ ਸੰਸਾਰ ਮੈਂ ਤਾਂਤੇ ਧਰਮ ਨਮਾਮਿ ਮਮ ॥ ੭ ॥
ਚੌਪਈ ॥ ਆਨ ਸੁਹਿਰਦ ਨ ਧਰਮ ਬਿਨਾਂ ਜਨ ॥
ਸੰਤ ਜਨਾਂਕੋ ਸਹੀ ਧਰਮ ਧਨ ॥ ਧਰਮ ਧਰੋਂ ਮੈਂ ਨਿੱਤ ਚਿੱਤ
ਅੰਤਰ ॥ ਮੁਝੇ ਪਾਲ ਹੇ ਧਰਮ ਨਿਰੰਤਰ ॥ ੮॥
ਦੋਹਰਾ ॥ ਅਬ ਪ੍ਰਥਮੇ ਦਸ ਛੰਦਕਰ ਵਰਨੇ ਧਰਮ ਮਨਾਕ ॥
ਧਰਮ ਸ੍ਵਰੂਪ ਨਮਿੱਤ ਬ੍ਰਿਧ ਇਸਥਿਤ ਨਸ਼੍ਰ ਵਿਪਾਕ ॥ ੯ ॥
ਦੋਹਰਾ ॥ ਖਿਮਾ ਅਹਿੰਸਾ ਦਯਾ ਮ੍ਰਿਦੁ ਸੱਤ ਬਚਨ ਤਪ

ਦਾਨ ॥ ਸੀਲ ਸੌਚ ਤ੍ਰਿਸ਼ਨਾ ਬਿਨਾਂ ਧਰਮ ਲਿੰਗ ਦਸ ਜਾਨ ॥ ੧੦ ॥ ਚੌਪਈ ॥ ਉਪਜੇ ਧਰਮ ਵਾਕ ਸਤ ਕਰਿ ਅਤਿ ॥ ਦਯਾ ਦਾਨ ਕਰ ਧਰਮ ਵਧੈਨਿਤ । ਇਸਬਿਤ ਧਰਮ ਖਿਮਾ ਕੇ ਸੰਗਾ । ਧਰਮ ਕ੍ਰੋਧ ਕਰ ਹੋਤ ਵਿਭੰਗਾ ॥ ੧੧ ॥ ਦੋਹਰਾ । ਸੁਭ ਕੁਲ ਜਨਮ ਸਰੂਪ ਤਨ ਭੂਪ ਭੋਗ ਆਪੱਤ । ਪੰਡਿਤ ਦੇਹ ਅਰੋਗ ਪੁਨ ਧਰਮ ਜਾਨ ਫਲ ਸੱਤ ॥ ੧੨ ॥ ਚੌਪਈ ॥ ਧਰਮ ਪ੍ਰੀਤ ਨਿੱਤ ਬੇਦ ਬੀਚਾਰੇ । ਉੱਤਮ ਦਾਨ ਸੁਭਾਵ ਜੁ ਧਾਰੇ । ਇੰਦ੍ਰਹਿ ਅਰਬ ਵਿਰਾਗਹਿ ਮਨ ਜਿਹ । ਜਿਹ ਇਹ ਪ੍ਰਾਪਤਿ ਸਫਲ ਜਨਮ ਤਿਹ ॥ ੧੩ ॥ ਦੋਹਰਾ ॥ ਇੰਦ ਬਿਨਾ ਜਿਉਂ ਮੰਦ ਨਿਸਿ ਮੰਦ ਕੰਜ ਬਿਨ ਤਾਲ । ਜੀਵ

ਮੈਦ ਤਿਉਂ ਧਰਮ ਬਿਨੁ ਤਾਂਤੇ ਧਰਮ ਨ ਟਾਲ ॥ ੧੪ ॥ ਸਮ ਸੰਤੋਖ ਨ ਔਰ ਸੁਖ ਤਪ ਨ ਖਿਮਾ ਸਮ ਜਾਨ। ਬ੍ਰਹਮ ਗਜ਼ਾਨ ਸਮ ਦਾਨ ਨਹਿ ਧਰਮ ਨ ਦਯਾ ਸਮਾਨ ॥ ੧੫ ॥ ਚਾਰੋਂ ਫਲ ਮੈਂ ਏਕ ਭੀ ਉਪਜੈ ਰਿਦੈ ਨ ਜਾਸ ॥ ਅਜਾਗਲੇ ਕੇ ਕੁੰਚਨ ਜਿਉਂ ਜਨਮ ਬਿਅਰਥ ਹੈ ਤਾਸ ॥ ੧੬ ॥ ਧਰਮ ਪਰਮ ਪਾਰਜ ਅਹੈ ਜੋ ਦਾਯਕ ਫਲ ਚਾਰ। ਤਾਂਤੇ ਜਿਉਂ ਕਿਉਂ ਧਰਮ ਕੋ ਧਰੇ ਜੁ ਬੁਧਿ ਉਦਾਰ ॥ ੧੭ ॥ ਕਬਿੱਤ ॥ ਨਾਗਸ਼ੋਭੈ ਮਦਕਰ ਨੀਰ ਸ਼ੋਭੈ ਇੰਦੀ ਵਰ ਰੈਨ ਸ਼ੋਭੈਹਿਮਕਰ ਨਾਰੀ ਸੀਲਰਤਿਤੇ। ਸ਼ੋਭਤ ਤੁਰੰਗ ਜਵ ਧਾਮ ਸ਼ੋਭੈ ਉਤਸ਼ਵ ਸ਼ੋਭੈ ਵਾਂਜਾਕਰਨ। ਰਵਿ ਨਦੀ ਹੰਸ ਗਤਿ ਤੇ ॥ ਸਭਾ ਸ਼ੋਭੈ

ਵਿੱਦਜਵਾਨ ਕੁਲ ਸ਼ੋਭੈ ਸੁਭ ਸੰਤਾਨ ਪਾਨਸ਼ੋਭੈ ਕਰੈਦਾਨ ਖਿਤ ਖਿਤਪਤਿ ਤੇ ॥ ਮੂਵਸ਼ੋਭੈ ਕਰੈ ਮੌਨ ਸਿਖ ਸ਼ੋਭੈ ਪਰੈ ਹੌਨ ਸ਼ੋਭੈ ਅਤਿਸੈ ਤ੍ਰਿਭੌਨ ਧਰਮੀ ਸੁਮਤਿ ਤੇ ॥ ੧੮ ॥ ਦੋਹਰਾ ॥ ਸੁਖੀ ਦੁਖੀ ਨਰ ਜਗਤ ਮੈਂ ਧਰਮ ਕਰੇ ਜੋ ਕੋਇ ॥ ਸੁਖੀ ਕਰੈ ਤਬ ਸੁਖ ਬਢੈ ਦੁਖੀ ਕਰੈ ਦੁਖ ਖੋਇ ॥ ੧੯ ॥ ਸਤਦੋਹੇ ਦੋਚੌਪਈ ਉਤਮ ਏਕ ਕਬਿੱਤ ॥ਦਸੇ ਛੰਦ ਆਨੰਦ ਮਯ ਬਸੇ ਜਿਸੇ ਨਿਤ ਚਿੱਤ,॥੨੦॥ ਇਤਿ ਸ੍ਰੀ ਸਾਰੁਕਤਾਵਲੀ ਤਾਸ ਪ੍ਰਥਮ ਅਧਯਾਇ ॥ ਧਰਮਨਿਰੂਪਯੋ ਤਾਸ ਮੈਂ ਕਵਿ ਹਰਿਦਯਾਲ ਸੁਭਾਇ ॥੧॥

॥ ਦੋਹਰਾ ॥

ਗੁਰ ਕੀ ਕੀਰਤਿ ਦੂਸਰੇ ਸਾਤ ਸ਼ਲੋਕ ਉਚਾਰ ॥ ਜਾਕੇ ਸੁਨੇ

ਅਧੈਨ ਤੇ ਹੋਇ ਤ੍ਰਿਤਾਪ ਪ੍ਰਹਾਰ ॥ ੨ ॥ ਦਰਬ ਖਰਚ ਸਤ
ਪਾਤ੍ਰਮੈਂ ਜਨਮ ਜਾਇ ਗੁਰਸੇਵ ॥ ਹਰਿ ਸਿਮਰਨ ਮਹਿ ਚਿੱਤ
ਜਿਹ ਵਹੁ ਪੰਡਿਤ ਸ੍ਰੁਤਿ ਭੇਵ ॥ ੧ ॥ ਚੌਪਈ ॥ ਪੂਛੇ ਗੁਰੁ ਤੇ
ਸੁਭ ਸਿਖ ਤੱਦਪਿ ॥ ਗਜਾਨਵਾਨ ਹੋਵੈ ਨਿਜ ਜੱਦਪਿ ॥ ਗੁਰੁ
ਨਿਸਚਯਯੁਤ ਬਚਨ ਧਰੇ ਜਬ ॥ ਦੇਹ ਸਿੱਖਕੋ ਪਰਮਸ਼ਾਂਤਿ
ਤਵ ॥ ੨ ॥ ਤੋਟਕਛੰਦ ॥ ਗੁਰ ਕੀਰਤਿ ਕੋ ਅਪਰੋਖ ਕਰੇ ॥
ਜਬ ਬਾਂਧਵ ਮੀਤ ਨ ਪ੍ਰੋਖ ਰਰੇ ॥ ਭ੍ਰਿਤਿ ਦਾਸ ਜਸੈ ਕਰਮਾਂਤ
ਗਹੈ ॥ ਅਬਲਾ ਸੁਤ ਓਪ ਕਬੀ ਨ ਕਹੈ ॥ ੩ ॥ ਦੋਹਰਾ ॥
ਤਜ ਗੁਰੁ ਮੰਤ੍ਰ ਦਰਿੰਦ੍ਰ ਹ੍ਵੈ ਗੁਰਹਿ ਅਵੱਗਜਾ ਘਾਤ ॥ ਤਿਆਗ
ਦੇਤ ਗੁਰੁ ਮੰਤ੍ਰ ਜੋ ਸਿਧ ਭੀ ਨਰਕੇ ਜਾਤ ॥ ੪ ॥ ਤੋਟਕ ਛੰਦ

॥ ਗੁਰਕੈ ਧਨ ਕੋ ਜਨ ਜੇ ਹਰ ਹੈਂ ॥ ਹਤ ਤੇਜ ਵਿਭੂਤ ਦੁਖੀ ਮਰ ਹੈਂ॥ਧਰਮਾਦਿ ਟਰੇਨਰਕੇ ਸੁਪਰੇ॥ਉਪਜੇ ਪੁਨਤੇ ਸ੍ਵਪਚਾਦਿ ਘਰੇ ॥ ੫ ॥ ਦੋਹਰਾ ॥ ਮੁਗਧ ਨਿਪੁੰਸਕ ਵਿਕਲ ਮਨ ਬਿਨ ਬਿਬੇਕ ਦੁਰਭਾਗ ॥ ਨੀਚ ਕਰਮ ਨੀਚਹਿ ਕਰੇ ਗੁਰੁ ਨਿੰਦਾ ਮਹਿ ਰਾਗ ॥ ੬ ॥ ਚੌਪਈ ॥ ਗਜ਼ਾਨ ਸਲਾਕਾ ਦੈ ਬੁਧਿ ਲੋਚਨ ॥ ਕਰ ਹੈ ਤਮ ਅਗਜ਼ਾਨ ਵਿਮੋਚਨ ॥ ਨਿਰਾਵਰਣ ਦ੍ਰਿਗ ਕਰੈ ਜੁ ਸ੍ਰੀ ਗੁਰੁ ॥ ਨਮੋ ਨਮੋ ਤਿਹ ਚਰਨ ਧਾਰ ਉਰ ॥ ੭ ॥ ਦੋਹਰਾ ॥ ਤ੍ਰੈ ਦੋਹੇ ਤੋਟਕ ਉਭੇ ਦੋ ਚੌਪਈ ਨਿਹਾਰ ॥ ਮਨਿ ਸ਼ਲੋਕ ਮਨ ਸ਼ੋਕ ਕੋ ਕਾਟੈਂ ਕਰੈਂ ਨਵਾਰ ॥ ੮ ॥

ਇਤਿ ਸ੍ਰੀ ਸਾਰੁਕਤਾਵਲੀ ਤਾਸ ਦੁਤੀ ਅਧਜ਼ਾਇ ॥ ਗੁਰ

ਉਪਮਾ ਤਾ ਮੈਂ ਕਹੀ ਕਵਿ ਹਰਿਦਜਾਲਸੁ ਭਾਇ ॥੧॥ ਦੋਹਰਾ ॥ ਵਿੱਦਯਾ ਵਰਨੇ ਤੀਸਰੇ ਛੰਦ ਅਠਾਈਮਾਨ ॥ ਵਿੱਦਜ਼ਾ ਪਾਤ੍ਰ ਅਪਾਤ੍ਰ ਪੁਨ ਬ੍ਰਿੱਧਾ ਬ੍ਰਿਧ ਨਿਦਾਨ ॥ ੨ ॥ ਸਵੈਯਾ ॥ ਇਹ ਵੇਦਕੋ ਗਜ਼ਾਨ ਸੁ ਜਾਨਨ ਕੇ ਅਭਿਮਾਨ ਮਦਾਦਿ ਵਿਕਾਰ ਬਿਨਾਸੇ ॥ ਪੁਨਿਕੇਚਿਤ ਨੀਚਨ ਕੋ ਵਹੁ ਬੋਧਮਦੈ ਅਭਿਮਾਨ ਵਿਕਾਰਨਵਾਸੇ ॥ ਅਰ ਅੰਮ੍ਰਿਤੁ ਜਾਸਹਲਾਹਲਹ੍ਵੈ ਨਹਿ ਔਖਦ ਵੈਦ ਨਹੀਂ ਕਛੁ ਤਾਸੇ ॥ ਜਨ ਪਾਤ੍ਰ ਕੁਪਾਤ ਕੌ ਸੋਧਕੈ ਬੋਧ ਕਰੋ ਬੁਧਿਵਾਨ ਜੋ ਬੋਧ ਪ੍ਰਕਾਸੈ ॥ ੧ ॥ ਸੋਰਠਾ ॥ ਮੈਥਨ ਸੈਨ ਅਹਾਰ ਪਾਠ ਸਮੈ ਤੀਨੋਂ ਤਜੈ ॥ ਪਾਠ ਸਹਿਤ ਪੁਨ ਚਾਰ ਤਜੈ ਸਾਂਝ ਮੈਂ ਧੀਰਜਨ ॥ ੨ ॥ ਦੋਹਰਾ ॥ ਦੁਖੀ ਵਿਆਧੀ ਆਲਸੀ

ਕੁਮਤਿ ਰਸਕ ਬਹੁ ਸੋਇ। ਤਿਹ ਅਧਿਕਾਰ ਨ ਸ਼ਾਸਤ੍ਰ ਕੋ ਖਟ ਦੋਖੀ ਜਨ ਜੋਇ ॥ ੩ ॥ ਸੰਕਰ ਛੰਦ ॥ ਕਛੁ ਘ੍ਰਿਤ ਸਨੇਹ ਨ ਲਵਨ ਤੰਦੁਲ ਤੱਕ੍ਰ ਧਾਮ ਨ ਦਾਂਮ। ਯਾ ਸੰਚਰੀ ਜਿਹ ਚਿੱਤ ਚਿੰਤਾ ਧਾਮ ਕੀ ਦੁਖ ਧਾਮ। ਭਈ ਨਾਸ ਪ੍ਰਾਕ ਅਗਾਮ ਕੀ ਬੁਧਿ ਮੂੜ੍ਹ ਮੋਹਿਓ ਬਾਮ। ਅਧਿਕਾਰ ਨਹ ਤਹ ਸ਼ਾਸਤ੍ਰ ਕੋ ਸੋ ਭਜੇ ਨਿਤ ਸ੍ਰੀ ਰਾਮ ॥ ੪ ॥ ਸੋਰਠਾ ॥ ਜਿਹ ਨਿਜ ਮਤਿ ਕਛੁ ਨਾਹਿ ਸ਼ਾਸਤ੍ਰ ਤਾਂਹਿ ਕੋ ਕਹਾ ਕਰੈ। ਲੋਚਨ ਬਿਨ ਜੋ ਆਹਿ ਪ੍ਰਤਿਬਿੰਬੀ ਕਹਾ ਕਰੈ ਤਿਹ ॥ ੫ ॥ ਦੋਹਰਾ ॥ ਬੀਰ ਅਸ਼੍ਰਮੀ ਮੀਰਗੁਰ ਅਸ੍ਰ ਖਸ੍ਰਮੀ ਸਿੱਖ। ਪੰਚ ਦਸ਼ੀ ਗੁਰ ਸਿਖ ਮਰੈ ਏਕਮ ਪਾਠ ਅਸਿੱਖ ॥ ੬ ॥ ਗੁਰੁ ਪੁਸਤਕ ਭੂਮੀ

ਸੁਭਗ ਪ੍ਰੀਤਮ ਅਵਰ ਸਹਾਇ। ਕਰਹਿ ਬ੍ਰਿਧ ਬਿੱਦਯਾ ਪਠੀ ਬਹੁਰਪਾਂਚ ਗੁਨ ਗਾਇ ॥੭॥ ਸ਼ਾਸਤ੍ਰਪ੍ਰੀਤਿ ਸੁੱਧਿ ਬੁਧਿ ਭਗਤ ਉੱਦਮ ਰੋਗਨ ਦੇਹ। ਕਰਹਿ ਬ੍ਰਿੱਧ ਬਿੱਦਯਾ ਪਠੀ ਪਾਂਚਾਂਤਰ ਗੁਣ ਏਹ ॥ ੮ ॥ ਗੁਰ ਸੇਵਾਵਾ ਦਰਬਕਰ ਵਿੱਦਯਾ ਵਿੱਦਯਾ ਹੋਇ। ਤ੍ਰਿਤੀ ਬ੍ਰਿਧਿ ਵਿੱਦਯਾ ਕਰਹਿ ਚਉਥੇ ਹੇਤੁ ਨ ਕੋਇ। ੯ ॥ ਅਬ ਵਿੱਦਯਾ ਮਹਿਮਾ ॥ ਦੋਹਰਾ ॥ ਵਿੱਦਯਾ ਉੱਦਮ ਸਿਲਪਤਾ ਪੰਡਿਤ ਸੰਗ੍ਰਹਿਮੀਤ। ਅਖੈਨਭਯ ਤਸਕਰ ਇਨੈ ਪਾਂਚ ਨਿਧਾਂ ਸੁਖ ਨੀਤ ॥ ੧੦ ॥ ਗੁਪਤ ਪ੍ਰਛਿਨ ਅਤੁੱਲਧਨ ਵਿੱਦਯਾ ਨਰਬ ਪੁਜਾਨ। ਵਿੱਦਯਾ ਜਸੁ ਸੁਖ ਭੋਗਦੇ ਵਿੱਦਯਾ ਗੁਰੁਗੁਰੁਮਾਨ ॥੧੧॥ ਵਿੱਦਯਾ ਬੰਧੁ ਪ੍ਰਦੇਸਮੈਂ ਵਿੱਦਯਾ ਦੇਵ

ਵਿਸੇਖ। ਪੂਜ ਨ੍ਰਿਪੈਂ ਕਰ ਅਘਹਤੀ ਵਿੱਦਯਾ ਬਿਨ ਪਸੁਦੇਖ
॥ ੧੨ ॥ ਨਿੰਦ੍ਰਾ ਭੋਜਨ ਭੋਗ ਭਯ ਏਹ ਪਸੁ ਪੁਰਖ ਸਮਾਨ
ਨਰਨ ਗਜਾਨ ਨਿਜ ਅਧਿਕਤਾ ਗਿਆਨ ਬਿਨਾਂਪਸੁ ਜਾਨ।
੧੩ ॥ ਧਰਮਸੀਲ ਤਪਦਾਨ ਗੁਣ ਵਿੱਦਯਾ ਬਿਨ ਜੋ ਜੰਤ।
ਮਿਰਤਲੋਕ ਖਿਤ ਭਾਰ ਤੇ ਨਰਬਪ ਮ੍ਰਿਗ ਬਿਚਰੰਤ ॥ ੧੪ ॥
ਸੂਰ ਸਿਰ ਤ੍ਰਕ ਮੁਨਿ ਪਲਦ ਜਨਸ੍ਰਿੰਗ ਯੋਗ ਦ੍ਰਿਗ ਨਾਰਿ ॥
ਪੰਚ ਗੁਣ ਮ੍ਰਿਗ ਖਟ ਦੋਖ ਨਰ ਨਰ ਤੇ ਹਰਨ ਉਦਾਰ॥੧੫॥
ਪੁਰਖ ਅਸ਼ਾਸਤ੍ਰੀ ਕਜਾ ਲਖੇ ਗੁਣ ਦੋਖਣ ਕੀ ਸੰਧਿ। ਰੂਪ ਭੇਦ
ਅਧਿਕਾਰ ਕੋ ਕਜਾ ਪ੍ਰਾਪਤਿ ਹੈ ਅੰਧ ॥ ੧੬ ॥ ਮੂਰਧ ਪੂਜ
ਨਿਜ ਧਾਮ ਮੈਂ ਪ੍ਰਭੁ ਪੂਜ ਨਿਜ ਨਗ੍ਰ ॥ ਭੂਪ ਪੂਜ ਸ੍ਵਦੇਸ

ਮੈਂ ਪੂਜਤ ਗੁਣੀ ਸਮੱਗ੍ਰ ॥ ੧੭॥ ਏਕਾਖਯਰ ਦਾਤਾ ਜੁ ਗੁਰੁ ਜੋ ਸੇਵਤ ਨਹਿ ਤਾਸ । ਪਾਇ ਜਨਮ ਸੌ ਸ੍ਵਾਨਕੋ ਬਹੁਰ ਸ੍ਵਪਚ ਘਰ ਵਾਸ ॥ ੧੮ ॥ ਰੂਪ ਦਰਬ ਜੋਬਨ ਸਹਤ ਸੁਕੁਲਜਨਮ ਬਹੁਬੰਧ । ਵਿੱਦ੍ਯਾ ਬਿਨ ਸ਼ੋਭਤ ਨਹੀਂ ਜਿਉਂ ਕੇਸੂ ਬਿਨ ਗੰਧ ॥ ੧੯ ॥ ਅਲੰਕਾਰ ਪਟ ਭੂਪ ਬਿਨ ਯਦਿਪ ਹੋਇ ਕੁਰੂਪ ॥ ਸ਼ੋਭਤਸੰਤਨਸਭਾਬਿਤਜਨਵਿਦ੍ਵਾਨ ਅਨੂਪ ॥ ੨੦ ॥ ਸੋਰਠਾ ॥ ਸ਼ਬਦ ਸ਼ਾਸਤ੍ਰ ਕੋ ਤ੍ਯਾਗ ਚਹੇ ਅਪੈਨਾ ਪਰ ਨਿਗਮ । ਸੋ ਪਗ ਗਿਨ ਤਿਹ ਨਾਗ ਨਿਸਤਮ ਜਲਮੌਂ ਵਿਰ ਰਮਯੋ ॥ ੨੧ ॥ ਦੋਹਰਾ ॥ ਵ੍ਰਿਖ ਵਿੱਦ੍ਯਾ ਅਭ੍ਯਾਸ ਬਿਨ ਭੋਜਨ ਗਰਲ ਅਘਾਇ । ਸੁਭ ਕੋ ਸੰਗ ਦਰਿੱਦ੍ਰ ਪਿਖ ਬ੍ਰਿੱਧ

ਨਾਰਿ ਬਿਖ ਗਾਇ ॥ ੨੨ ॥ ਮਾਤਾ ਵਤ ਰੱਖਜ਼ਾ ਕਰੇ ਪਿਤਾ
ਜਿਵੇਂ ਹਿਤਕਾਰ ॥ ਕਰੇ ਨਾਰਿ ਜਯੋਂ ਪ੍ਰੇਮ ਬਹੁ ਸ਼ੋਕ ਟਾਰ.
ਸੁਖ ਕਾਰ॥੨੩॥ਵਿੱਦਯਾ ਬਾਂਧਵ ਜਯੋਂ ਸਕਲ ਕਾਰਜ ਦੇਤ
ਸਵਾਰ॥ ਦਾਯਕ ਕੀਰਤਿ ਦਰਬ ਕੀ ਤਾਂਤੇ ਪੜ੍ਹੋ ਉਦਾਰ।
੨੪ ॥ ਸਹਿਸ ਗੁਣਾ ਵਿੱਦਯਾ ਵਧੇ ਪੁਨਾ ਪੁਨਾ ਅਭਯਾਸ।
ਰਸਨਾਗ੍ਰੇ ਨਿਸ ਦਿਨ ਬਸੇ ਜਯੋਂ ਜਲ ਨੀਚੇ ਵਾਸ ॥੨੫॥
ਸ਼ਾਸਤ੍ਰ ਕਰ ਮਤ ਹਤ ਸੁਜਨ ਖਲਕੋ ਮਦ ਉਪਜੰਤ ॥ ਜਯੋਂ
ਦ੍ਰਿਗ ਭਾਨੁ ਪ੍ਰਕਾਸ਼ ਹੈ ਉੱਲੂ ਅੰਧ ਕਰੰਤ ॥ ੨੬ ॥ ਸਵੈਯਾ
॥ ਮੁਕਟਾਂਗਦ ਕੁੰਡਲ ਕੰਕਨ ਹੈ ਕਰ ਚੰਦ੍ਰ ਪ੍ਰਭਾ ਗਰ ਮੋਤਨ
ਹਾਰਾ ॥ ਮੁਖ ਚੰਦ੍ਰ ਪ੍ਰਭਾ ਦ੍ਰਿਗਕੰਜਪ੍ਰਭਾ ਤਨ ਕੰਦ੍ਰ ਭ੍ਰਾਰਤਿ

ਸੀ ਘਰ ਦਾਰਾ ॥ ਇਸ਼ਨਾਨ ਵਾਲੇਪਨ ਚੰਦਨ ਕੁੰਕਮਗੰਧ ਘਨੀ ਕਰਗੁੰਦਤਵਾਰਾ ॥ ਨਰਕੋ ਇਹ ਸੁੰਦਰ ਸਾਚ ਕਰੈਂ ਪਰ ਅੰਤ ਅਨੰਤ ਕਲੇਸ਼ ਭੰਡਾਰਾ ॥ ੨੭ ॥ ਸਭ ਭੂਖਣ ਮੈਂ ਯਿਹ ਭੂਖਣ ਹੈ ਸੁਭ ਵੇਦਮਈ ਇਕ ਬਾਣੀ ਉਦਾਰਾ ॥ ਨਰਕੇ ਵਹੁ ਸੁੰਦਰ ਬੇਗ ਕਰੇ ਬਪੁਸਾਰ ਜਿਵੇਂ ਫਲੁ ਦੇਵਹਿ ਸਾਰਾ ॥ ਚਤੁਰਾਨਨ ਚੌਦਸ ਭੌਨ ਰਚੇ ਪਰਣਾ ਵਿੱਦ੍ਯਾ ਸਮ ਤਾਂਹਿ ਮਝਾਰਾ ॥ ਨਰਤਾਂਤੇ ਸਦੀਵ ਪੜ੍ਹੇ ਵਿਦ੍ਯਾ ਹਰਿਦ੍ਯਾਲੂ ਚਹੇ ਜੁ ਪਦਾਰਥ ਚਾਰਾ ॥੨੮ ॥ ਦੋਹਰਾ ॥ ਬਾਈ ਦੋਹੇ ਤ੍ਰੈ ਸੋਰਠੇ ਦੋਇ ਸ੍ਵੈਯਾ ਚੀਨ ॥ ਇਕ ਸ਼ੰਕਰ ਅਠ ਦੀਸ ਬ੍ਰਿਤਿ ਚਿਤ ਬ੍ਰਿਤਿ ਕਰੇ ਮਹੀਨ ॥ ੨੯ ॥ ਇਤਿ ਸ੍ਰੀ ਸਾਰੁਕਤਾਵਲੀ

ਤਾਸ ਤ੍ਰਿਤੀਯ ਅਧਯਾਇ ॥ ਕੀਰਤਿ ਵਿੱਦਯਾ ਕੀ ਕਰੀ ਕਵਿ ਹਰਿਦਯਾਲ ਸੁਭਾਇ ॥ ੩॥

ਦੋਹਰਾ ॥ ਕਹੇ ਚਤਰਥੇ ਗਯਾਨ ਹਿਤ ਉਤਮ ਆਠ ਸ਼ਲੋਕ ॥ਸ਼ੋਕ ਸੁਕਹਿ ਇਸ ਲੋਕ ਕੇ ਅੰਤਹਿ ਮੁਕਤਿ ਸ਼ਲੋਕ ॥ ੧ ॥

ਸ੍ਵੈਯਾ ॥ ਜਨਉਤਮ ਹੇਰਧਰਾ ਪਰ ਉਤਮ ਪਾਉਂ ਧਰੇਨਹਜੀਤ ਮਰੇ ॥ ਅਤਿਵਾਕ ਪਵਿੱਤ੍ਰ ਯਥਾਰਥ ਸੁੰਦਰ ਸੋਧ ਰਿਦੇ ਸਭ ਹੂ ਕੋ ਰਰੇ ॥ਪੁਨਕੈ ਸੁਚ ਚੀਰ ਸੋਂ ਨੀਰ ਭਲੇ ਜਨਧੀਰਨਿਰੰਤਰਿ ਪਾਨ ਕਰੇ ॥ ਬੁਧਿ ਸੋਂ ਲਖ ਕੇ ਸਤ ਵਸਤੁ ਭਲੇ ਪੁਰਖੋਤਮ ਲੱਖਨ ਏ ਉਚਰੇ ॥ ੨ ॥ ਦੋਹਰਾ ॥ ਤਨ ਪਟ ਜਲ ਕਰ ਸੁੱਧ ਹੈ ਬੁਧਿਵਿਦਾਂਤ ਵਿਚਾਰ ॥ ਜੀਵ ਅਹਿੰਸਾ ਗੋਭਗਤ ਮਨ ਨਿਰ

ਵੈਦਹਿ ਧਾਰ ॥ ੩ ॥ ਜਲ ਕਰ ਕਰਦਮ ਉਪਜ ਹੈ ਜਲ ਕਰ
ਪੰਕ ਵਿਨਾਸ ॥ ਮਨ ਕਰ ਉਪਜਤ ਪਾਪ ਕਿਲ ਮਨ ਹੀ
ਕਰ ਅਘਨਾਸ ॥ ੪ ॥ ਜਲ ਬ੍ਰਤ ਮੰਤ੍ਰ ਸ਼ਨਾਨ ਤੈ੍ ਜਪੀ
ਤਪੀ ਬ੍ਰਤ ਮੰਤ੍ਰ ॥ ਜਲ ਸ਼ਨਾਨ ਗ੍ਰਸੁਤੀਨਕੋ ਪ੍ਰਜੈ ਉਤੈ੍
ਨਿਰੰਤ੍ਰ ॥ ੫ ॥ ਦੋਹਰਾ ॥ ਜਲ ਨਾਏ ਨਾਏ ਨਹੀਂ ਅੰਤਸ਼-
ਕਰਣ ਮਲੀਨ ॥ ਸੁਰਾ ਪਾਤ੍ਰ ਕੌ ਵਾਰ ਸੌ ਧੋਸੇ ਸੁੱਧ ਕਬੀਨ
॥ ੬ ॥ ਮਾਤਾ ਪਿਤਾ ਗੁਰ ਕੀ ਭਗਤ ਸਤ ਤਪ ਗੁਣ ਨਿਗ੍ਰਹ
॥ ਕ੍ਰਿਪਾ ਸਰਬ ਪਰ ਸਪਤ ਹੈ ਅੰਤਰ ਤੀਰਥ ਏਹ ॥ ੭ ॥
ਕਬਿੱਤ ॥ ਸੀਤਲ ਸੁਗੰਧ ਮੰਦ ਭੂਖਨ ਪ੍ਰਭੰਜਨ ਕੋ ਧਰਮ
ਸੁਜਸ ਬਾਣੀ ਮੌਨਕੇ ਬਿਚਾਰੀ ਹੈ ॥ ਖਿਮਾ ਤਪ ਧਾਰੀ

ਵਿੱਦ੍ਯਾ ਬਿੱਪ੍ਰ ਕੋ ਉਚਾਰੀ ਨਿਜ ਪਤਿੱਬ੍ਰਤਨਾਰੀ ਧਨ ਦਾਨ
ਪਾਤ੍ਰ ਭਾਰੀ ਹੈ ॥ ਉਪਸ਼ਮ ਗਜ਼ਾਨੀ ਪੁਨਿ ਪੰਡਿਤ ਅਮਾਨੀ
ਸੂਰ ਸੰਜਮ ਸ੍ਵਬਾਨੀ ਨਰਪਤਿ ਨੀਤ ਪਿਆਰੀ ਹੈ॥ ਦੇਹ ਕੋ
ਪ੍ਰਧਾਨ ਦ੍ਰਿਗ ਮ੍ਰਿਦੁਤਾ ਮਹਾਨ ਜਗ ਭਗਵਾਨ ਪਾਗ ਭ੍ਰਿਗੁ
ਬੰਧਨਾ ਹਮਾਰੀ ਹੈ ॥ ੮ ॥ ਸ੍ਵੈਯਾ ॥ ਧਨਵਾਨ ਖਿਮਾ ਧ੍ਰਿਤ
ਗ੍ਯਾਨ ਤਪੀ ਸ੍ਰੁਤਿ ਮੌਨ ਕੁਵਾਕ ਨਿਜੈ ਜਸਤੇ ॥ ਪਰਕਾਮ ਕਰੇ
ਸ੍ਵਧਰੇ ਧਰਮਾ ਕਰ ਹੈ ਕਰੁਣਾ ਬ੍ਰਿਧ ਤੇ ਪਸੁ ਤੇ ॥ ਪਰ ਖੇਦ
ਸਹੇ ਨ ਸਹੇ ਪਰ ਖੇਦ ਯਥਾ ਸੁਖ ਮੋਦ ਅਘੈ ਤ੍ਰਸਤੇ ॥ ਕਬਹੂ
ਕਰਤੇ ਨ ਸਹੇ ਦਸਤੇ ਹਸਤੇ ਹਸਤੇ ਸ੍ਵਰਗੇ ਬਸਤੇ ॥ ੯ ॥
ਦੋਹਰਾ ॥ ਦੋਇ ਸਵੱਯੇ ਦੋਹਰੇ ਪਾਂਚ ਕਬਿੱਤ ਸੁਏਕ ॥

ਅਸ੍ਰ ਛੰਦ ਚਿਤ ਕਸ੍ਰ ਕੋ ਕਰ ਹੈ ਨਸ੍ਰ ਖਿਣੇਕ ॥ ੧੦ ॥
ਇਤਿਸ੍ਰੀ ਸਾਰੁਕਤਾਵਲੀ ਤਾਸੁ ਚਤੁਰਥੋ ਧਯਾਇ ॥ ਗਯਾਨ
ਨਿਰੂਪਯੋ ਤਾਸ ਮੈਂ ਕਵਿ ਹਰਿ ਦਿਆਲੁ ਸੁਭਾਇ ॥ ੪ ॥
ਦੋਹਰਾ ॥ ਅਬ ਪੰਚਨ ਅਧਯਾਇ ਮੈਂ ਵਰਨਨ ਕਰੈਂ ਵਿਚਾਰ
॥ ਖਸ ਛੰਦ ਚਿਤ ਚੰਦਜਨ ਸੂਤਿ ਧਰ ਸੁਣੋ ਉਦਾਰ ॥ ੧ ॥
ਚੌਪਈ ॥ ਗੌਰਵ ਪ੍ਰਾਪਤ ਦਾਨ ਕਰੇ ਧਨ ॥ ਧੰਨ ਸੰਗ੍ਰਹਿ
ਕਰ ਗੌਰਵ ਨਹ ਜਨ ॥ ਸਭਤੇ ਊਚੇ ਬਾਰਿਦ ਜੈਸੇ ॥ ਬਾਰਧ
ਅਧੇ ਭਏ ਪੁਨ ਤੈਸੇ ॥ ੨ ॥ ਸੋਰਠਾ ॥ ਜਯੋਂ ਇਕ ਬਾਪੀ
ਤੋਇ ਈਖ ਸੰਗ ਮਿਲੁ ਮਧੁਰ ਅਤਿ ॥ ਕਟਤਾ ਨਿੰਮ ਸਮੋ-
ਇ ਭੋਜਨ ਪਾਤ ਕੁਪਾਤ੍ਰ ਤਿਉਂ ॥ ੩ ॥ ਭੁਜੰਗ ਪ੍ਰਯਾਤ

ਛੰਦ ॥ ਫਲੀ ਭੂਤ ਦਾਨੰ ਸੁਭੰ ਪਾਤ੍ਰ ਦੈਯੋ ॥ ਜਥਾ ਬੀਜ ਬੋਯੋ ਸੁ ਖੇਤ੍ਰੈ ਅਖੈਯੋ ॥ ਕੁਪਾਤ੍ਰੇ ਮਜਾਰੀ ਦਯੇ ਦਾਨ ਐਸੇ ॥ ਕੁਖੇਤ੍ਰ ਮਝਾਰੀ ਬੋਯੋ ਬੀਜ ਜੈਸੇ ॥ ੪ ॥ ਛੰਦ ॥ ਯੱਗਯ ਸੇਖ ਮੁਨਿ ਭੁਕਤਿ ਸੇਖ ਵਰ ਇਹ ਦੋਇ ਭੋਜਨ ॥ ਪਾਪ ਤਜਾਗੈ ਜਵਨ ਵਹੀ ਹੈ ਬੁਧਿਮਾਨ ਜਨ ॥ ਉਪਮਾ ਕਰਹਿ ਅਦ੍ਰਿਸ਼੍ਟ ਸ੍ਰਿ੍ਯ ਸੋ ਮਿੱਤ੍ਰ ਮਹਾਂ ਬਰ ॥ ਦੰਭ ਬਿਨਾਂ ਜੋਧਰਮਧਰਮ ਵਹ ਕਹੈ ਮੁਨੀਸ਼੍ਵਰ ॥ ਹਰਿ ਭਗਤ ਜਗਤ ਮੈਂ ਜਾਂਨ ਨਿਜ ਇਸ਼੍ਟ ਬਿਨਾਂ ਦ੍ਰਿਸ਼੍ਟ ਨ ਅਨ ॥ ਪੁਨ ਸਾਧ ਵਹੀ ਜਗ ਜਾਨੀਏ ਜਾਂ ਕੇ ਨਹੀਂ ਉਪਾਧ ਮਨ ॥੪ ॥ ਸ੍ਵੈਯਾ ॥ ਜਬ ਧਾਰ ਤ੍ਰਿਦੰਡ ਫਿਰੈ ਨਗਨਾ ਮੁਖ ਊਪਰ ਸੀਸ ਜਟਾਨ ਧਰੇ ॥ ਅਥਵਾ

ਗਿਰਕੰਦਰ ਬੀਚ ਬਸੇ ਸਿਲਪੈ ਥਿਤ ਹੈ ਥਿਤ ਬ੍ਰਿੱਛ ਤਲੇ ॥
॥ ਤਤ ਬੇਦ ਪੁਰਾਨ ਸਿਧਾਂਤ ਪਢੇ ਉਪਵਾਸ ਧਰੇ ਤੀਰਥੋਂ
ਵਿਚਰੇ ॥ ਮਨ ਮੈਂ ਜਬ ਭੋਗਨ ਕੀ ਰਤਿ ਹੈ ਤਬਇ ਸਬ
ਕਿੰਚਤ ਨਾਹਿ ਕਰੇ ॥ ੫ ॥ ਤੋਟਕ ਛੰਦ ॥ ਨਿਜ ਮਾਤ ਜਿਵੇਂ
ਪਰ ਨਾਰਿ ਭਜੇ॥ ਪਰ ਕੋ ਧਨ ਲੋਸ਼੍ਰ ਸਮਾਨ ਤਜੇ ॥ ਸਭ
ਜੀਵ ਸ੍ਵਯੰ ਸਮ ਦੇਖਤ ਜੋ ॥ ਵਹਿ ਵੈਸ਼ਨਵ ਹੈ ਇਵ ਪੇਖਤ
ਸੋ ॥ ੬ ॥ ਦੋਹਰਾ ॥ ਏਕ ਚੌਪਈ ਇਕ ਸੋਰਠਾ ਏਕ
ਭੁਜੰਗ ਪ੍ਰਯਾਤ ॥ ਏਕ ਛਪਾ ਤੋਟਕ ਇਕੋ ਏਕ ਸ੍ਵੈਯਾ ਜਾਤ ॥
੭ ॥ ਇਤਿ ਸ੍ਰੀ ਸਾਰੁਕਤਾਵਲੀ ਤਿਹ ਪੰਚਮ ਅਧਜਾਇ ॥ ਤਾ
ਮੈਂ ਕਹਜੋ ਠਿਚਾਰ ਸਭ ਕਵਿ ਹਰਿਦਯਾਲ ਸੁਭਾਇ ॥ ੫ ॥

॥ ਦੋਹਰਾ ॥

ਚਤੁਰਾਗਤ ਗਤਿ ਨਰਨ ਕੀ ਕਹੋਂ ਛਿਵੇਂ ਅਧ੍ਯਾਇ ॥ ਪਾਂਚ ਸ੍ਵੱਯੇ ਤਾਸ ਕੇ ਚਤੁਰਨ ਚਿਤ ਬਿਗਸਾਇ ॥

ਸਵੈਯਾ ॥ ਕਬਿਤਾਧਿਖਣਾ ਅਤਿਸੈ ਜਿਨ ਕੀ ਪੁਨ ਜਾਸ ਕਲੇਵਰ ਰੋਗ ਬਿਲਾਯੋ ॥ ਅਬਲਾ ਅਨਰਾਗ ਕਰੇ ਜਿਨ ਸੋ ਪੁਨ ਹਾਟਕ ਲਾਭ ਜਿਸੇ ਅਧਕਾਯੋ ॥ ਸੁਪਨ ਕੇ ਮਝਾਰ ਸੁਚੇਤਰਹੈ ਪੁਨ ਸਾਜਨ ਮੈਂ ਅਤਿਸੈ ਜਸੁ ਛਾਯੋ ॥ ਜਿਸਮੈ ਸਤ ਲੱਖਣ ਏ ਲਖੀਐ ਵਹੁ ਮਾਨੁਖ ਨਾਕ ਗਿਰਯੋ ਛਿਤ ਆਯੋ ॥ ੧ ॥ ਦਾਨ ਪ੍ਰਸੰਗ ਸਦੀਵ ਕਰੇ ਪਰਮਾਤਮ ਦੇਵ ਭਜੇ ਚਿਤੁਲਾਈ ॥ ਜਾਸ ਗਿਰਾ ਮਧੁਰੀ ਅਤਿਸੈ ਨਿਤ

ਸੇਵਤ ਜੋ ਧਰਮੀ ਨਰੁਤਾਈ ॥ ਜਾ ਜਨ ਕੇ ਮਨ ਮੈਂ ਨਿਤ ਹੀ ਗੁਣ ਚਾਰ ਬਿਰਾਜਤ ਏ ਸੁਖਦਾਈ ॥ ਤੇ ਨਰ ਭੂਮਿ ਬਿਰਾਜਤ ਹੀ ਸ੍ਵਰਗੇ ਬਸ ਹੈਂ ਸਹਿਸੋ ਨਹਿ ਰਾਈ ॥ ੨ ॥ ਲੋਭ ਕੀ ਅੰਸ ਨਹੀਂ ਜਿਸਕੇ ਨਿਤ ਦਾਨ ਦਯਾ ਮਧ ਪ੍ਰੀਤਿ ਲਗਾਵੈ ॥ ਆਨਨ ਜਾਸ ਪ੍ਰਸੰਨਸਦਾ ਪੁਨ ਕੋਮਲ ਜਾਸ ਸੁਭਾਵ ਲਖਾਵੈ ॥ ਸੰਤ ਗੁਰੂ ਜਨਨੀ ਸਵਿਤਾ ਪਗ ਸੀਸ ਨਿਰੰਤਰ ਜੋਓ ਨਿਵਾਵੈ ॥ਜਾਂ ਮਨ ਏ ਗੁਣ ਪਾਂਚ ਬਸੈਂ ਨਰ ਕਾ ਤਨਤਜ਼ਾਗ ਨਰੂ ਤਨ ਪਾਵੈ॥ ੩ ॥ ਚਾਹਿ ਘਨੀ ਜਿਨਕੇ ਮਨ ਮੈਂ ਪੁਨਜੋ ਨਰ ਨੀਤਸੰਤੋਖ ਤੇ ਭਾਗਤ ॥ ਜੋ ਸੁਪਨੇਮਹਿਮੂੜ ਰਹੇ ਗੁਰੂ ਮਾਤਾ ਪਿਤਾ ਨਿਜ ਮਿੱਤ੍ਰਨ ਠਾਗਤ ॥ ਜੋ ਨਰ ਆਲਸ

ਰਹੇ ਪੁਨਿ ਜਾਸ ਸਦਾ ਖੁਦਿਆਦਿਕ ਲਾਗਤ ॥ ਏਖਟ ਲੱਖਨ ਜਾਸ ਵਿਖੇ ਵਹਿ ਟੇਢਨ ਜੋਨਨ ਤੇ ਨਰ ਆਗਤ ॥੪॥ ਬਾਂਧਵ ਮਾਂਹਿ ਵਿਰੋਧ ਸਦਾ ਅਤਿਸੈ ਕਰਿ ਦੇਹ ਸਰੋਗ ਰਹੇ ॥ ਮੂਰਖ ਜੰਤ ਕੁਸੰਗਤਿ ਹੈ ਅਤਿ ਕ੍ਰੋਧ ਸੁਭਾਵ ਸਦੀਵ ਅਹੇ ॥ ਜਾਸ ਸਦੀਵ ਗਿਰਾ ਕਟੁਕੀ ਇਹ ਪਾਂਚ ਕੁਲੱਖਣ ਜਾਸ ਗਹੇ ॥ ਤੇ ਨਰ ਤਜਾਗ ਅਹੇ ਨਰਕਾ ਨਰ ਦੇਹ ਲਈ ਹਰਿ ਦਜਾਲ ਕਹੇ ॥ ੫ ॥ ਦੋਹਰਾ ॥ ਇਤਿ ਸ੍ਰੀ ਸਾਰਕਤਾਵਲੀ ਤਾਸ ਖਸ਼੍ਮੋ ਧਜਾਇ ॥ ਚਤਰਾਗਤ ਲੱਖਨ ਕਹੇ ਕਵਿ ਹਰਿਦਜਾਲ ਸੁਨਾਇ ॥ ੬ ॥ ਦੋਹਰਾਂ ॥ ਵਾਕ ਨਿਰੁਪਣ ਅਬ ਕਰੈ ਸਪਤਮ ਧਜਾਇ ਮਝਾਰ ॥ ਛੰਦ ਰੂਦ੍

ਮ੍ਰਿਤਿ ਛੂੱਦ੍ਰ ਕੋ ਕਰਤ ਸਮੁੱਦ੍ਰ ਪ੍ਰਕਾਰ ॥ ੧ ॥ ਮੰਤ੍ਰ ਮਿੱਤ੍ਰ ਤਪ ਦਾਨ ਜਪ ਬਾਂਧਿਵਾਦਿ ਜੇ ਆਹਿ॥ ਜੋਨਰ ਪੀੜਤਕਾਲ ਕਰ ਕੋ ਰਖਯਕ ਨਹਿ ਤਾਹਿ ॥ ੧ ॥ ਸੁਖਕਰ ਬੰਧਤ ਕਰਮਮਹਿ ਤਿਹ ਦੁਸਤਰ ਫਲ ਹੋਇ ॥ ਹਸਤੀ ਧਾਰੇ ਗਰਭ ਕੋ ਤੁਜਤ ਰੁਦੰਤੀ ਸੋਇ ॥ ੨ ॥ ਜੀਵ ਕਰਮ ਆਪੇ ਕਰੇ ਆਪੇ ਤਿਹ ਫਲ ਭੁਕਤ ॥ ਆਪ ਰਮਤ ਸੰਸਾਰ ਮਹਿ ਆਪੇ ਤਿਹ ਤੇ ਮੁਕਤਿ ॥ ੩ ॥ ਦੁਖਮੈਂ ਮਿਥਜਾ ਭਾਵਨਾ ਸੁਖਦ ਭਾਵਨਾਸੱਤ ॥ ਗਜਾਨ ਭਾਵਨਾ ਕਰਮ ਕਰ ਨਿਸਚੈ ਸਕਲ ਨ ਸੱਤ ॥ ੪ ॥ ਸੁਭ ਗੁਣ ਅਵਸਰ ਕੇ ਪੜ੍ਹੇ ਸ਼ੋਭਾਵੰਤ ਮਨਾਕ ॥ ਗਮਨ ਕਾਲ ਬਾਮਾਂਗ ਜਜੋਂ ਮੰਗਲ ਗਰਧਪ ਵਾਕ ॥ ੫ ॥ ਸਵੈਯਾ

॥ ਜਬ ਭਾਨੁ ਉਦੈ ਦਿਸ ਪਸਚਮ ਹ੍ਵੈ ਪੁਨ ਮੇਰੁ ਚਲੈ ਅਤਿਸੈ ਜਬਹੀ ॥ ਗਿਰ ਸ੍ਰਿੰਗ ਸਿਲਾ ਜਬ ਹ੍ਵੈ ਪਦਮਾ ਅਗਨੀ ਅਤਿ ਸੀਤਲ ਹ੍ਵੈ ਕਬਹੀ ॥ ਸਭ ਕੋ ਅਤਿ ਸਾਜਨ ਸੰਤ ਜਨਾਵਹਿ ਝੂਠ ਗਿਰਾ ਨ ਕਹੈਂ ਕਬਹੀ ॥ ਤਜ ਭ੍ਰਾਂਤ ਰਿਦੈ ਧਰ ਸੰਤ ਗਿਰਾ ਸੁ ਸਮਾ ਅਬਹੀ ਅਬਹੀ ਅਬਹੀ ॥ ੬ ॥ ਤੋਟਕ ਛੰਦ ॥ ਬੁਧ ਕੋ ਫਲ ਸਾਰ ਬਿਚਾਰ ਗਹੈ ॥ ਤਨ ਕੋ ਫਲ ਸਾਰ ਬ੍ਰਿਤਾਦਿ ਗਹੈ ॥ ਧਨ ਕੋ ਫਲ ਸਾਰ ਸੁਪਾਤ੍ਰ ਦਿਜੈ ॥ ਫਲ ਸਾਰ ਗਿਰਾ ਸਭ ਪ੍ਰੀਤ ਕਿਜੈ ॥ ੭ ॥ ਦੋਹਰਾ ॥ ਜੋ ਆਨਨ ਹੈ ਸ਼ਾਸ਼ਤ੍ਰ ਬਿਨ ਬਿਨ ਤੰਬੂਲ ਜੋ ਆਸ ॥ ਸੁਭ ਬਾਨੀ ਬਿਨ ਬਦਨ ਜੋ ਮੁਖਨਰੰਧ ਲਖ ਤਾਸ ॥ ੮ ॥ ਸਵੈਯਾ

॥ ਜੋ ਨਰ ਹੈ ਸਮਰੱਥ ਤਿਸ਼ੇ ਪ੍ਰਥ ਕਾਮ ਨਹੀਂ ਕੋਊ ਯਾ ਜਗ ਮਾਹੀਂ ॥ ਮਾਨੁਖ ਉੱਦਮਵੰਤ ਜੁ ਹੈ ਤਿਨਕੋ ਕਛੁ ਦੂਰਿਆਹੈ ਜਗ ਨਾਹੀਂ ॥ ਜੋ ਗੁਣ ਮਾਨ ਪ੍ਰਮਾਨ ਅਹੇ ਪਰੁਦੇਸ ਤਿਸੇ ਕੁਛ ਨਾ ਦਰਸਾਹੀਂ ॥ ਜੋ ਮਧੁਰੋ ਸ਼ੁਭ ਵਾਕ ਭਨੇ ਸਭ ਮੀਤ ਤਿਸ ਜਨ ਕੋ ਨ ਦੁਖਾਹੀਂ ॥ ੯ ॥ ਦੋਹਰਾ ॥ ਖ੍ਰਿਯ ਬਚਨਨ ਕੇ ਬੋਲਤੇ ਹੋਤ ਪ੍ਰਮੋਦ ਤ੍ਰਿਭੌਨ ॥ ਤਾਂਤੇ ਪ੍ਰਿਯ ਬਾਨੀ ਭਨੋ ਯਾ ਮੈਂ ਕ੍ਰਿਪਣਤਾ ਕੌਨ ॥ ੧੦ ॥ ਚੌਪਈ ॥ ਸੱਤ ਬਨ ਅਰ ਪਯਾਰੋ ਜੋਈ ॥ ਬੁਧਿਮਾਨ ਜਨਭਾਖੇ ਸੋਈ ॥ ਪ੍ਰਿਯਨ ਹ੍ਵੈ ਪੁਨ ਵਾਕ ਸੱਤ ਹ੍ਵੈ ॥ ਕਹੈ ਨਾਹਿ ਸੋ ਸ਼ਬਦ ਮਤਿ ਹ੍ਵੈ ॥ ੧੧ ॥ ਲਾਗੇ ਮ਼ਧਰ ਝੂਠ ਹੈ ਵਾਂਕੋ ॥ ਨਾਹਿ ਕਹੂੰ ਪ੍ਰਤਿ ਭਾਖੇ ਤਾਂ ਕੋ ॥ ਏਹ

ਸਨਾਤਨ ਧਰਮ ਸੰਤਨ ਕੋ ॥ ਇਨ ਅਨੁਗਾਮੀ ਯੋਗ ਜਨਨ ਕੋ ॥ ੧੨ ॥ ਦੋਹਰਾ ॥ ਦੋਸਤ ਚੌ ਇਕ ਤੋਟਕਿਕ ਉਭੈ ਸ੍ਵੈਯੇ ਜਾਨ ॥ ਬ੍ਰਿਤ ਇਕਾਦਸ਼ ਬ੍ਰਿਤ ਕੀ ਮੈਲ ਨ ਬ੍ਰਿਤ ਨਿਦਾਨ ॥ ੧੩ ॥

ਇਤਿ ਸ੍ਰੀ ਸਾਰੁਕਤਾਵਲੀ ਤਾਸ ਸਪਤਮੋ ਧਜਾਇ ॥ ਤਾ ਮੈਂ ਵਾਕ ਨਿਰੂਪਜੋ ਕਵਿ ਹਰਿਦਯਾਲ ਸੁਭਾਇ ॥ ੧ ॥ ਦੋਹਰਾ ॥ ਉੱਦਮ ਵਰਨੇ ਅਸ਼੍ਰਮੇਦ੍ਵਾਦਸਛੰਦਸਰੋਜ ॥ ਜਾ ਕੋ ਮਨਅਲਿ ਲੇਭ ਰਸ ਤਾਂ ਕੋ ਸਿੱਧਮਨਜੋ ॥ ੧ ਉੱਦਮ ਕਰ ਕੈ ਸ੍ਰੀ ਮਿਲ ਕੀਰਤ ਤਜਾਗੈ ਹੋਤ ॥ ਬੁਧਿ ਕਰਮ ਅਨੁਸਾਰ ਹੈ ਵਿੱਦਯਾ ਭਜਾਸ ਉਦੋਤ ॥ ੨ ॥ ਉੱਦਮ ਕੰਡੂਕਲੂੰ ਮਦ ਜੂਆ ਪ੍ਰੀਤ

ਅਹਾਰ ॥ ਭੋਗ ਨੀਂਦ ਨਵ ਸੇਵਤ ਵਧੈ ਪੂਲੈ ਜਜਂ ਵਾਰ ॥ ੩ ॥ ਉੱਦਮ ਉੱਤਮ ਮਿੱਤ੍ਰਵਤ ਭਯੋ ਸੁਸ਼ੱਤ੍ਰਸਮਾਨ ॥ ਆਲ ਸਸ਼ਤ੍ਰ ਮਿੱਤ੍ਰ ਜਿਉਂ ਉਭੈਵਿਪਰਜੋਗਜਾਨ ॥ ੪ ॥ ਵਿੱਦਜਾ ਸੇਵ ਵਪਾਰ ਕ੍ਰਿਖ ਇਨਕਰ ਜਿਹ ਬ੍ਰਿਤਹੋਇ ॥ ਕ੍ਰਿਸ਼ਨ ਸਰਪ ਕੇ ਡੰਗਜਜੋਂ ਕਰਨ ਯੋਗ ਦ੍ਰਿੜ੍ਹ ਸੋਇ ॥ ੫ ॥ ਸੋਰਠਾ ॥ ਅਭ੍ਯਾਗਤ ਖੀਰਾਦਿ ਖੇਤੀ ਕਰੇ ਦਾਰਿਦ੍ਰ ਕੋ ॥ ਅਬਲਾਕੋ ਦਰਬਾਦਿ ਤਥਾ ਸ਼ਾਸ਼ਤ੍ਰ ਕਰ ਸਭਾ ਜਿਤ ॥ ੬ ॥ ਜਾਗ੍ਰਤ ਹਤਹ੍ਵੈ ਤ੍ਰਾਸਦ੍ਰ ਰਭਿਖ ਨਾਸੈਸਸੀ ਕਰ ॥ ਕਲੈ ਮੌਨਕਰ ਨਾਸ ਤਥਾ ਜਾਪ ਕਰ ਪਾਪ ਹਤ ॥ ੭ ॥ ਦੋਹਰਾ ॥ ਦੈਵ ਚਿਤਵਨੀ ਧਾਰ ਕਰ ਉੱਦਮ ਤ੍ਯਾਗੈ ਨਾਂਹਿ ॥ ਬਿਨ ਉਦਮ ਕਹਾ ਕੌਨਕੋ ਮਿਲੈ ਤੇਲ ਤਿਲ

ਮਾਂਹਿ ॥ ੮ ॥ ਪ੍ਰਥਮੈ ਕਰਮ ਵਿਪਾਕਕੋ ਸਿਮਰੇ ਹੋਤ ਪ੍ਰਮੋਦ ॥
ਜਰਤ ਧਾਮਕੇ ਸਾਂਤ ਹਿਤ ਆਦਿ ਕੂਪ ਸੁਭ ਖੋਦ ॥ ੯॥ ਸ੍ਵੈਯਾ
॥ ਸਭ ਹੀ ਕਰਮਾਂ ਕੇ ਅਰੰਭ ਵਿਖੇ ਬੁਧਿਮਾਨ ਸਦਾ ਫਲ ਕੋ
ਸਿਮਰੇ ॥ ਅਤੇ ਪ੍ਰਾਬਧਾਂਤ ਕਰੇ ਗਮਨੰ ਜਿਨ ਕੋ ਫਲ ਕ੍ਰੂਰ
ਸੁ ਦੂਰ ਹਰੇ॥ ਜਿਹ ਕਾਰਜ ਕੋ ਫਲ ਚਾਰ ਲਖੇ ਵਹਿ ਧਾਰ
ਰਿਦੇ ਤਿਨਮੋਂ ਵਿਚਰੇ ॥ ਸਭ ਕਾਜ ਕੇ ਆਦਿ ਵਿਚਾਰ ਭਲੋ
ਪੁਰਖੋਤਮ ਲੱਛਣਏ ਉਚਰੇ ॥੧੦॥ ਧਨ ਆਪਿ ਇਕੱਤ੍ਰ ਕਰੈਂ
ਜਨ ਜੋ ਨਿਜ ਬ੍ਰਿਤ ਨਮਿੱਤਹਿ ਉਤਮ ਤੇਈ ॥ ਸਵਿਤਾਬਿਤ
ਸੋ ਜੁ ਕਰੇ ਬਿਤਿ ਆਪਨ ਮੱਧਮ ਮਾਨੁਖ ਯਾ ਜੱਗ ਸੇਈ ॥
ਪੁਨ ਆਪਨ ਜੀਵਕਾ ਜੋ ਕਰਹੈਂ ਜਨਨੀ ਧਨਕੈ ਅਧਮੋਂ ਲਖ

ਵੇਈ ॥ ਭਵ ਮੈਂ ਅਧਮਾਧਮ ਤੇ ਨਰ ਹੈਂ ਧਨ ਯੋਖਤ ਸੋਤਨ ਪੋਖਤ ਜੋਈ ॥ ੧੧ ॥ ਨਰਾਜ ਛੰਦ ॥ ਤ੍ਰਿਕਾਲ ਦ੍ਵਾਯ ਦੁਖ ਮਯਉਪਾਇ ਰੱਖ ਅੰਤ ਮੈਂ ॥ ਨਿਦਾਨ ਹੈ ਵਿਰੋਧ ਕੋਸੁ ਮਾਤ ਤਾਤ ਜੰਤ ਮੈਂ ॥ ਕ੍ਰਿਤਾਂਤ ਧਾਮ ਕਾਮ ਕੋ ਅਲੰਕ੍ਰਿਤੀ ਸਮਸ੍ਰਿ ਹੈ ॥ ਸੁਭਾ ਸੁਭ ਨਿਕੇਤ ਭੀ ਤਥਾਪਿ ਤਜਾਗਿ ਸ੍ਰੇਸ੍ਰਿ ਹੈ ॥ ੧੨ ॥ ਸੋਰਠਾ ॥ ਜੋਬਨ ਧਨ ਅਵਿਵੇਕ ਪ੍ਰਭੁਤਾ ਚਾਰੋਂ ਪਰਮਰਿਪੁ॥ਦੇਤ ਅਨਰਥ ਇਕੇਕ ਜਹਾਂ ਚਾਰ ਤਹਿ ਕਹਾ ਕਥਾ ॥ ੧੩ ॥ ਦੋਹਰਾ ॥ ਖਟ ਦੋਹੇ ਤ੍ਰੈ ਸੋਰਠੇ ਉਭੈ ਸਵੱਯੇ ਜਾਨ॥ ਇਕ ਨਰਾਜ ਦ੍ਵਾਦਸ ਸਬੈ ਛੰਦਾਨੰਦ ਨਿਦਾਨ ॥ ੧੪ ॥

ਇਤਿ ਸ੍ਰੀ ਸਾਰੁਕਤਾਵਲੀ ਤ੍ਰਿਹ ਅਸ਼੍ਰਮ ਅਧਜਾਇ ॥

ਤਾਂ ਮਹਿ ਉਦਮ ਵਰਨਯੋ ਕਵਿ ਹਰਿ ਦਯਾਲ ਬਨਾਇ ॥ ੮॥
ਦੋਹਰਾ ॥ ਨੌਮੈ ਕਹੀ ਉਦਾਰਤਾ ਜਾਂਤੇ ਰਿਦੇ ਉਦਾਰ॥ ਧਨ
ਨਿੰਦੈ ਬਿਨ ਦਾਨ ਜੋ ਸਾਤ ਸ਼ਲੋਕ ਉਚਾਰ ॥ ੧ ॥ ਤੋਟਕਛੰਦ
॥ ਸਰਤਾ ਨ ਅਚੇ ਅਪਨੇ ਜਲਕੋ ॥ ਨਾਕਦਾਪਿ ਭਖੇ ਬ੍ਰਿਖਸ੍ਵਾ
ਫਲ ਕੋ ॥ ਸਸਿਕੋ ਨਹ ਅੱਭ੍ਰ ਕਬੀ ਭਖਹੈ ॥ ਧਨ ਤਿਉਂ ਪਰ
ਹੇਤ ਬਡੇ ਰਖ ਹੈ ॥ ੧ ॥ ਦੋਹਰਾ ॥ ਧਨ ਕੇ ਭਾਗੀ ਚਾਰ ਹੈਂ
ਧਰਮ, ਚੋਰ, ਨ੍ਰਿਪ, ਆਗ ॥ ਕੋਪੈ ਤਾਂਪੈ ਭ੍ਰਾਤ ਤ੍ਰੈ ਕਰੈਂ ਜੁ
ਜੋਸ੍ਰੈ ਤਯਾਗ ॥ ੨ ॥ ਦੁਵੈਯਾ ਛੰਦ ॥ ਸਭ ਜਨ ਕਰਤ
ਪਦਾਰਥ ਸੰਗ੍ਰਹਿ ਪੁਨ ਤਿਨ ਰੱਖਯਾ ਕਰਤਉਪਾਇ । ਉਤਮੌਤੇ
ਰੱਖਯਾ ਤਯਾਗ ਪਦਾਰਥ ਅਬ ਇਨ ਪਰਦਿਸ਼ਟਾਂਤ ਬਤਾਇ ॥

ਜਯੋਂ ਜਲ ਸਰ ਕੌ ਸੂਕੈ ਸਰਮੈਂ ਵਾਕ੍ਰਿਮ ਹ੍ਵੈ ਸ੍ਵਾਦ ਬਿਲਾਇ ॥ ਨਾ ਕ੍ਰਿਮ ਸੂਕੇ ਨ ਜਲ ਪਰਵਾਹਕ ਸੁਭਗ ਸ੍ਵਾਦ ਤਯੋਂ ਅਰਥ ਸੁਭਾਇ ॥ ੩ ॥ ਦੋਹਰਾ ॥ ਧਨ ਸੰਗ੍ਰਹਿ ਤੇ ਦਾਨ ਧਨ ਸੌ ਗੁਣ ਅਧਿਕ ਪਛਾਨ ॥ ਬਿਨਾਂ ਦਾਨ ਜੋ ਦਰਬ ਹੈ ਸੋ ਬਨ ਸੁਮਨ ਸਮਾਨ ॥ ੪ ॥ ਜ੍ਵਾਨ ਜਤੇਂਦ੍ਰਯ ਜਪਤਪੀ ਮ੍ਰਿਦੁ ਵਿੱਦ੍ਵਾਨ ਉਦਾਰ ॥ ਦੀਨ ਮਾਨ ਨਹਿ ਨਵਗੁਣੀ ਹਰਿਬਪ੍ਰਤਾਪ ਜੁਹਾਰ ॥ ੫ ॥ ਸਵੈਯਾ ॥ ਸਿੰਧੁ ਅਗਾਧ ਅਹੇ ਲਵਣੋਦਿਕ ਤੱਦਪਿ ਕਜ਼ਾ ਕਹੂੰ ਪਜ਼ਾਸ ਨ ਟਾਰੇ ॥ ਜਾਨੁ ਪ੍ਰਮਾਨ ਜੁਵਾਰ ਸੁਚਾਰ ਤ੍ਰਿਖਾਨਰ ਨਾਰਿ ਮ੍ਰਿਗਾਦਿ ਕੀ ਹਾਰੇ ॥ ਨੈਕ ਧਨਾਢਿ ਤਸ਼ਾਪਿ ਬੜੇ ਅਰਸ਼ੀ ਬਜ਼ਰਬੇ ਜਹਿ ਜਾਂਤ ਨ ਦ੍ਵਾਰੇ ॥ ਜਾਂ ਧਨ

ਰਾਸ ਨਿਰਾਸਕ ਭਿੱਛਕ ਸੋ ਧਨ ਕਯਾ ਚੁਵਤੀ ਛਤਧਾਰੇ ॥ ੬॥ ਹੈਸਰ ਸੋ ਸਿੰਧੁ ਤੇ ਸਰਸੋ ਰਤਨੋਦਿਕ ਖਾਨ ਨਭੀ ਸਭ ਭਾਵੈ॥ ਪਯਾਸ ਸ੍ਰਮੀ ਪਥਕੀ ਜਨਕੇ ਸ੍ਰਮ ਨਾਸਨ ਮੋਂ ਸਮਰੱਥ ਦ੍ਰਸਾਵੈ ॥ ਸੋ ਸਰ ਜਯੋਂ ਧਨ ਨੈਕ ਧਨੀ ਜਿਹ ਦ੍ਵਾਰਹਿ ਤ੍ਰੇ ਸਭ ਕੋ ਵਰਸਾਵੈ ॥ ਸਿੰਧੁ ਧਨੀ ਕਹੂੰ ਦੇਨ ਕਨੀ ਕਿਧੋ ਪੱਕਬ੍ਰਨੀ ਪਰ ਪੀਸ ਕਿ ਲਾਵੈ ॥ ੭ ॥ ਦੋਹਰਾ ॥ ਇਕ ਤੋਟਕ ਤ੍ਰੈ ਦੋਹਰੇ ਏਕ ਦੁਵੈਯਾ ਛੰਦ ॥ ਉਭੈ ਸ੍ਵੈਯੇ ਧੀਰ ਜਨ ਸ਼ੱਤ ਸ਼ਲੋਕ ਚਿਤ ਚੰਦ॥ ੮ ॥

ਇਤਿ ਸ੍ਰੀ ਸਾਰੁਕਤਾਵਲੀ ਤਿਹ ਨੌਮੋ ਅਧਯਾਇ ॥ ਉਤਮ ਕਹੀ ਉਦਾਰਤਾ ਕਵਿ ਹਰਿਦਯਾਲ ਸੁਭਾਇ ॥ ੯ ॥ ਦੋਹਰਾ ॥

ਦਸਮੇਂ ਦ੍ਵਾਦਸ ਛੰਦ ਕਰ ਕ੍ਰੋਧਾਦਿਕ ਵਖਯਾਨ ॥ ਹਾਨ ਕਰੇ ਅਰਿ ਜਾਨਕੈ ਮਾਨ ਕਰੈ ਦੁਖ ਖਾਨ ॥ ੧ ॥ ਮਧੁਭਾਰ ਛੰਦ ॥ ਪਹਿਰੇ ਕੁਚੈਲ ॥ ਧ੍ਰਿਤਦੰਤ ਮੈਲ ॥ ਤਪਟਾਨ ਪ੍ਰੀਤ ॥ ਮਧੁਰੋਨ ਗੀਤ ॥ ੧ ॥ ਰਵਿਅੰਤਭੋਰ ॥ ਜਿਹਨੀਂਦਘੋਰ ॥ ਜਬਲੱਛਕੰਤ ॥ ਤਿਹ ਸ੍ਰੀ ਤਜੰਤ ॥ ੨ ॥ ਤਿਲਕਾ ਛੰਦ ॥ ਪਰ ਅੰਨ ਹਰੇ ॥ ਪਰ ਧੰਨ ਚੁਰੇ ॥ ਪਰ ਸੇਜ ਰਮੇਂ ॥ ਗੁਰ ਨਾਰਿ ਗਮੇਂ ॥ ੩ ॥ ਪਰ ਧਾਮ ਬਸੇ ॥ ਪੁੰਨ ਦਾਨ ਨਸੇਂ ॥ ਯਦ ਇੰਦ੍ਰਿਅਹੇ ॥ ਤਿਹ ਸ੍ਰੀ ਨਰਹੇ ॥ ੪ ॥ ਤੋਟਕ ਛੰਦ ॥ ਖੁਧਯਾ ਸਮ ਨਾ ਤਨ ਦੋਖ ਅਹੈ ॥ ਨਹਿ ਚਿੰਤਸਮਾ ਤਨਸੋਖ ਕਹੈ ॥ ਜਨ ਭੂਖਨ ਨਹਿ ਵਿਦਯਾ ਕੇ ਸਮਾਂ ॥ ਨਹਿ ਰਖਯਕ ਕਾਇ ਸਮਾਨ ਖਿਮਾਂ

॥ ੫ ॥ ਖੁਧਿਆ ਕਰ ਆਤੁਰ ਜੋ ਨਰ ਹੈ ॥ ਬੁਧਿ ਕ੍ਰਾਂਤਿ ਉਭੈ ਤਿਨਕੀ ਨ ਰਹੈ ॥ ਅਤਿ ਆਤਰ ਚਿੰਤਹਿ ਤੇ ਜੁ ਨਰਾ ॥ ਸੁਖ ਨੀਂਦ ਉਭੈ ਤਿਨਕੋ ਨ ਜਰਾ ॥ ੬ ॥ ਮਨੁਜਾ ਤਰ ਜੇ ਕਰ ਆਹਿਸਹੀ ॥ ਤਿਨਕੋ ਨਹਿ ਤ੍ਰਾਸ ਨ ਲਾਜ ਕਹੀ ॥ ਦਰਬਾਤੁਰ ਤੇ ਜਨ ਆਹਿ ਘਨਾ ॥ ਤਿਨ ਕੋ ਗੁਰ ਸਾਕਨ ਬੰਧੁ ਜਨਾ ॥ ੭ ॥ ਸੋਰਠਾ ॥ ਕ੍ਰੋਧ ਅਨਰਥਨ ਮੂਲ ਕ੍ਰੋਧ ਜਨਮ ਅਰ ਮਰਨ ਦੇ ॥ ਕ੍ਰੋਧ ਧਰਮ ਨਿਰਮੂਲ ਤਾਂਤੇ ਕਰੋਧ ਤਿਆਗ ਸੁਭ ॥ ੮ ॥ ਦੋਹਰਾ ॥ ਕਾਲਕੂਟ ਅਰ ਕਰੋਧ ਮੈਂ ਬਡੋ ਅੰਤਰੋ ਆਹਿ ॥ ਕਰੋਧ ਨਿਜਾਸ੍ਰੈ ਕੋ ਦਹੇ ਵਿਖ ਨਹਿ ਸ੍ਵਾਸ੍ਰੈ ਦਾਹਿ ॥ ੯॥ ਮਾਨ ਨਿੰਮ੍ਰਤਾ ਪ੍ਰੀਤ ਤ੍ਰੈ ਸ਼ੀਘ੍ਰ ਕਰੋਧ ਤੇ ਨਾਸ॥ ਹ੍ਵੈਪ੍ਰਤੀਤ

ਹਤ ਕਪਟ ਕਰ ਸੁਭ ਗੁਣ ਲੋਭ ਪ੍ਰਨਾਸ ॥ ੧੦ ॥ ਕਰੈ ਬਖੀਲੀ ਬਲੀ ਸੋਂ ਪਾਪ ਕਰਮ ਮੈਂ ਪਯਾਰ ॥ ਤ੍ਰਿਯ ਪ੍ਰਤੀਤਿ ਸਾਜਨ ਕਲੈ ਮਿਰਤ ਦ੍ਵਾਰ ਇਹ ਚਾਰ ॥ ੧੧ ॥ ਦੋਹਰਾ ॥ ਕੋ ਇਕ ਮਿਤ੍ਰ ਨ ਕਹੂ ਕੋ ਕੋਇਕ ਰਿਪੁ ਕਹੂ ਨਾਹਿ ॥ ਜੀਵਨ ਕੇ ਸੁਣ ਦੇਖ ਜੇ ਸ਼ਤਰ ਮਿਤ੍ਰ ਤੇ ਆਹਿ ॥ ੧੨ ॥ ਦੋ ਤਿਲਕੇ ਮਧੁਭਾਰ ਦੋ ਤ੍ਰੈ ਤੋਟਕ ਪਹਿਚਾਨ ॥ ਚਾਰ ਦੋਹਰੇ ਸੋਰਠਿਕ ਦ੍ਵਾਦਸ ਛੰਦ ਬਖਾਨ ॥ ੧੩ ॥

ਇਤਿ ਸ੍ਰੀ ਸਾਰਕੁਤਾਵਲੀ ਤਾਸ ਦਸਮ ਅਧਯਾਇ ॥ ਕ੍ਰੋਧਾਦਿਕ ਤਾ ਮੈ ਕਹੇ ਮੋਖ ਨਮਿੱਤ ਵਿਹਾਇ ॥ ੧੦ ॥ ਏਕਾਦਸ ਅਧ-ਯਾਇ ਮੈਂ ਸੰਤਨ ਕੀ ਪਰਸੰਸ ॥ ਦੁਰਜਨ ਕੀ ਨਿੰਦਾ ਕਰਹਿੰ

ਕਹਿਸ਼ਲੋਕ ਖਟ ਬਿੰਸ ॥ ੧ ॥ ਸਵੈਯਾ ॥ ਪਰਵਾਕ ਸਦੋਖ ਅਦੋਖ ਭਨੇ ਕਟੁਵਾਕ ਕਹੇ ਨ ਪਰੰਤੁ ਸਹੇ ॥ ਅਪਨੇ ਗੁਣ ਔਗੁਣ ਤਯੋਂ ਪਰਕੇ ਛਹੁ ਮੋਂ ਦੁ ਕਹੇ ਦੁ ਕਬੀ ਨ ਕਹੇ ॥ ਚਿਤ ਕੋ ਚਿਤ ਚੇਤਤਿ ਵਿੱਤ ਭਯੋ ਵਿਸ਼ਯੋਂ ਤੇ ਪਰੰਤੁ ਡਰੰਤ ਰਹੇ ॥ ਸ੍ਰਵਣਾਦਿ ਜਨੈ ਸਭ ਬੰਧਹਨੈ ਪਰਕਾਂਤ ਚਹੇ ॥ ੧ ॥ ਦੋਹਰਾ ॥ ਵਰਤਮਾਨ ਭਾਵੀ ਵਿਪਤਿ ਸੰਤ ਸੇਵ ਤੇ ਨਾਸ ॥ ਜਯੋਂ ਗੰਗੋਦਕ ਅਚਨ ਤੇ ਦੁਰਗਤਿ ਪਯਾਸ ਨਿਵਾਸ ॥ ੨ ॥ ਸਵੈਯਾ ॥ ਸੰਤ ਕਰੈਂ ਨਹਿ ਵੈਰ ਕਹੂੰ ਸਭ ਕੇ ਹਿਤ ਮੈਂ ਵਰਤੈਂ ਅਤਿ ਹੀ ॥ ਤਾਂ ਤਨ ਕੋ ਜਬਦਾਹਤ ਕੋ ਵਹਿ ਤੱਦਪਿ ਦੇਤ ਸੁਖਾ ਮਿਤ ਹੀ ॥ ਜੈਸੇ ਕੁਠਾਰ ਕਟੇ ਤਰੁਚੰਦਨ ਗੰਧ ਤਿਸੈ ਮੁਖ ਦੇਵਤ

ਹੀ । ਹੇਤੁ ਇਹੀ ਸਰਬਾਤਮ ਹੇਰਤ ਤਾਂ ਪਦ ਕੰਜ ਨਮੋ ਨਿਤ ਹੀ ॥ ੩ ॥ ਦੋਹਰਾ॥ ਨਰੁਣਾ ਭਰਣ ਸਰੂਪ ਤਨ ਰੂਪਾ ਭਰਣ ਗੁਣਾਹਿ ॥ ਗੁਣ ਕੋ ਭੂਖਣ ਗਿਆਨ ਨਿਜ ਗਿਆਨ ਆਭਰਣ ਖਿਮਾਹਿ ॥ ੪ ॥ ਦਰਪਨਮਾਰ ਜਨ ਮਾਨ ਜਯੋਂ ਨਿਰਮਲ ਹੋਵਤ ਸੋਇ ॥ ਤਥਾ ਗਯਾਨ ਅਭਯਾਸ ਕਰ ਵਿਮਲ ਮਨੀਖਾ ਹੋਇ ॥ ੫ ॥ ਜਯੋਂ ਜਲ ਭੀਤਰ ਪਦਮ ਥਿਤ ਜਲ ਸਰਪਰਸ ਨਹਿ ਤਾਹਿ ॥ ਗਯਾਨੀ ਸ਼ਬਦਾਦਿਕ ਵਿਖੇ ਭੋਗਤ ਪਰ ਨ ਲਿਪਾਇ ॥ ੬ ॥ ਦੋਹਰਾ ॥ ਘਰ ਸਨ ਛੇਦਨ ਦਹਿਨ ਮੈਂ ਕੰਚਨ ਦੁਖੈ ਨ ਐਸ ॥ ਗੁੰਜਨ ਸਮਤੋਲਨਹੁ ਤੇ ਹਾਟਕ ਦੁਖ ਹੈ ਜੈਸ ॥ ੭ ॥ ਤਨ ਦਾਹਨ ਛੇਦਨ ਵਿਪਤਿ ਨਹਿੰ ਅਸਦੂਖੈਂ

ਸੰਤ ॥ ਬਿਖੈ ਸੰਗ ਤੇ ਜਯੋਂ ਦੁਖੈਂ ਬਿਖੈ ਅਸੰਤ ਕਰੰਤ ॥ ੮ ॥ ਭ੍ਰਮਰ ਕੇਤਕੀ ਫੂਲਪਰ ਖੰਜ ਮਾਨ ਭੀ ਸ਼ੋਭ ॥ ਤਯੋਂ ਗੁਣ ਕਰ ਜਿਹ ਚਿਤ ਢਪਯੋ ਤਿਹ ਨ ਦੋਖ ਕਰ ਖੋਭ ॥ ੯ ॥ ਦੁਸ਼ਟ ਕ੍ਰਿਯਾ ਦਰਸੇ ਨਹੀਂ ਜੈਸੇ ਜਲ ਮਹਿਂ ਰੇਖ ॥ ਸੰਤ ਕ੍ਰਿਆ ਅਤਿ ਅਲਪਬੀ ਸਿਲਾ ਰੇਖ ਜਯੋਂ ਦੇਖ ॥ ੧੦ ॥ ਚੰਦਨ ਸੀਤਲ ਲੋਕ ਮੈਂ ਚੰਦਨ ਤੇ ਸਸਿ ਸੀਤ ॥ ਚੰਦਨ ਚੰਦ੍ਰਹ ਜੁਗਲ ਤੇ ਸੀਤਲ ਸਤਸੰਗ ਨੀਤ ॥ ੧੧ ॥ ਏਕ ਪੁਤ੍ਰ ਗੁਣਵਾਨ ਸੁਭ ਸੌ ਸੁਤ ਅਗੁਣ ਅਕਾਮ ॥ ਇਕ ਹੀ ਸਸਿ ਤਮਕੋ ਹਰੇ ਤਾਰੇ ਕੋਟਕ ਕਾਮ ॥ ੧੨ ॥ ਅੰਮ੍ਰਿਤ ਰਸੁ ਵਿੱਦ੍ਵਾਨ ਕੋ ਜਾਨਤ ਇਕ ਵਿੱਦ੍ਵਾਨ ॥ ਰੰਭਾ ਭੋਗਨ ਤੇ ਜੁ ਸੁਖ ਜਾਨੈ ਸਕ੍ਰ ਨ ਆਨ ॥

੧੩ ॥ ਸਭ ਸ਼ਾਸਤ੍ਰ ਮੈਂ ਚਤੁਰ ਭੀ ਚਤੁਰ ਵੈਦ ਸ਼੍ਰਿਤ ਵਾਕ ॥
ਆਤਮ ਗਯਾਨ ਨ ਜਾਨਯੋ ਜਯੋਂ ਦਰਬੀ ਰਸ ਪਾਕ ॥ ੧੪ ॥
ਦੋਹਰਾ ॥ ਗਿਰਿ ਗਿਰਿ ਮੈਂ ਮਾਨਕ ਨਹੀਂ ਗਜ ਗਜ ਮੋਤੀ
ਨਾਂਹਿ ॥ ਚੰਦਨ ਤਰੁਬਨ ਬਨ ਨਹੀਂ ਸੰਤ ਨ ਪੁਰਿ ਪੁਰਿ ਮਾਂਹਿ
॥ ੧੫ ॥ ਨਿਰਮਲ ਮਤ ਮਾਨੀ ਪੁਰਖ ਦੁਇ ਫਲ ਕੀ ਇਛਧਾਰ ॥
ਸਰਬ ਸੰਗ ਨਿਬ੍ਰਿਤਤਾ ਵਾ ਬਿਭੂਤ ਵਿਸਤਾਰ ॥ ੧੬ ॥ ਉਪਕਾਰੀ
ਪਜਾਰੀ ਗਿਰਾ ਕਰੈਂ ਅਕਿਰਤਮ ਪ੍ਰੀਤ ॥ ਸੰਤਨ ਇਹੀ
ਸੁਭਾਵ ਹੈ ਸਸਿ ਸੀਤਲ ਕਿਨ ਕੀਤ ॥ ੧੭ ॥ ਸੋ ਤਰੁ ਕੋ
ਇਕ ਕਹੂੰ ਹੈ ਜਿਹ ਕਰਿੰਦ ਆਸ੍ਰਿਛ ॥ ਬਨ ਬਨ ਮੈਂ ਬਨ
ਚਰਨ ਕੇ ਵਾਸ ਯੋਗ ਬਹੁ ਬ੍ਰਿਛ ॥ ੧੮ ॥ ਜੋ ਜਨ ਕੇ ਚੰਦਨ

ਹਰੇ ਸੋ ਸਾਧੂ ਕਹੂੰ ਏਕ ॥ ਕਰਮ ਕ੍ਰਿਯਾ ਜੋੜਨ ਵਿਖੇ ਜਨ ਸਮਰੱਥ ਅਨੇਕ ।੧੯॥ ਦੂਜ ਪੂਸ਼ਿਨ ਖੀਰਾਦਿ ਕਰ ਮੋਰ ਮੋਦ ਘਨ ਬੈਨ ॥ ਸੰਤ ਸੁਖੀ ਪਰਹਿਤ ਵਿਖੇ ਸਠਪਰ ਬਿਪਤਾ ਚੈਨ ॥ ੨੦ ॥ ਅਰਥੀ ਪੂਸ਼ਨੀ ਜਗਤ ਮੈਂ ਸੁਲਭ ਅਗਾਰ ਅਗਾਰ ॥ ਦਾਤਾ ਉੱਤਰਵੰਤ ਦ੍ਵੈ ਦੁਰਲਭਨਰਸੰਸਾਰ ॥ ੨੧ ॥ ਸ੍ਵਗੁਣ ਦੇਖ ਪਰ ਜਾਚਨਾ ਅਰਥੀ ਵਯਰਥ ਭਜੰਤ ॥ ਇਨ ਚਾਰੋਂ ਕੇ ਕਹਿਨ ਮੈਂ ਸੰਤਨ ਜੀਭ ਲਜੰਤ ॥ ੨੨ ॥ ਸਵੈਯਾ ॥ ਕਰਕੇ ਪਰਹਾਰ ਭੁਏ ਜਿਮ ਕੰਦੁਕ ਭੂਮਗਿਰੇ ਪੁਨ ਊਰਧ ਹੋਈ ॥ ਥਿਤ ਔ ਬ੍ਰਿਤ ਉੱਤਮ ਸੰਤਨਕੀ ਪਰ ਹੋਵਹਿ ਨਾਸ ਜਥੇਵਹਿਦੋਈ ॥ ਅਪਦਾਅਤਿਪ੍ਰਾਪਤ ਹੋਇ ਜਬੈ ਨਹਿਤੱਦਜਪਾ

ਵਜ਼ਾਕਲ ਹੋਵਤਸੋਈ ॥ ਸਮਮੇਰ ਰਹੈਂ ਬਿਤ ਸੰਤ ਸਦਾ ਬਿਪਤਾ ਸਮ ਗੇਂਦ ਸਮਾਨ ਸੁ ਜੋਈ ॥ ੨੩ ॥ ਦੋਹਰਾ ॥ ਅਧਮ ਚਾਹਿਤੇ ਦਰਬਕੋ ਮੱਧਮ ਧਨ ਅਰ ਮਾਨ। ਉੱਤਮ ਚਾਹੇਂ ਮਾਨ ਕੋ ਤਾਂਕੋ ਗੁਨ ਸਨਮਾਨ ॥ ੨੪ ॥ ਹੈਂ ਗੁਣ ਔਗਣ ਸਭ ਵਿਖੇ ਇਨ ਬਿਨ ਜੰਤੁ ਨ ਕੋਇ ॥ ਮ੍ਰਿਦ ਸੁਗੰਧ ਸੁੰਦਰ ਕਮਲ ਪਰ ਕੰਟਕ ਭੀ ਹੋਇ ॥ ੨੫ ॥ ਸੋਰਠਾ ॥ ਭੂਮੰਡਲ ਸ੍ਰਿੰਗਾਰ ਸੰਤਮਰਾਲ ਨਿਵਾਸਜਹਿ। ਹਾਨਿਤਿਨੈ ਪੂਰਿਤਾਲ, ਸਾਧੂਹੰਸ ਵਿਯੋਗ ਜਹਿ ॥ ੨੬ ॥ ਬਾਈ ਦੋਹੇ ਸੋਰਠਿਕ ਤੀਨ ਸਵੈਯੇ ਚੀਨ ॥ ਸਭੀਛੰਦ ਖਟਬੀਸਹੈਂ ਹਰਹੈਂ ਦੀਨ ਅਧੀਨ ॥ ੨੭ ॥ ਇਤਿ ਸ੍ਰੀ ਸਾਰੁਕਤਾਵਲੀ ਤਾਸਯਾਰਵੋਂ ਧਯਾਇ ॥ ਦੁਰਜਨ

ਸੁਰਜਨ ਯੁਗਲ ਕੋ ਵਰਨਨ ਕੀਨ ਸੁਭਾਇ ॥ ੧੧ ॥
ਦੋਹਰਾ ॥ ਅਸ਼ਟਦਸ਼ ਅਧਯਾਇ ਮੈਂ ਸਪਤ ਵਿਅਸਨ ਵਿਸ੍ਤਾਰ ॥ ਕ੍ਰਮ ਕ੍ਰਮ ਕਰ ਤਿਹ ਨਿੰਦ ਹ ਪੰਦ੍ਸ ਛੰਦ ਉਚਾਰ ॥ ੧ ॥ ਜੂਪ, ਮਾਸ, ਮਦ, ਵੇਸਵਾ, ਹਿੰਸਾ, ਚੋਰੀ ਨਾਰਿ ॥ ਸਪਤ ਲੋਕਮੈਂ ਸਪਤ ਹੈਂ ਸਪਤ ਨ ਛੁਹੈ ਉਦਾਰ ॥ ੧ ॥ ਲਖਮੀ ਤਹਾਂ ਰਹੇ ਨਹੀਂ ਜਹਾਂ ਜੂਪ ਕੋ ਬਾਸ ॥ ਪਾਦਪ ਤਹਿ ਉਪਜੈ ਨਹੀਂ ਜਹਾਂ ਅਗਨਿ ਪਰਕਾਸ਼ ॥ ੨ ॥ ਪਾਪ ਬ੍ਰਿਧਤੇ ਬ੍ਰਿਧਿ ਧਨ ਬ੍ਰਿਧਤੇ ਬ੍ਰਿਧ ਪਾਪ ॥ ਖੋਯ ਜੂਪ ਮੈਂ ਧਰਮ ਬਿਨ ਉਭੈ ਲੋਕ ਸੰਤਾਪ ॥ ੩ ਇਤੀ ਜੂਪੰ ॥ ੧ ॥ ਸੁਰਾ ਪਾਨ ਤੇ ਪਾਨ ਮਤਿ ਕਰ ਹੈ ਕਾਮ ਬਿਹੋਸ਼ ॥ ਨਾਰੀ ਮਹਤਾਰੀ ਉਭੈ ਭੋਗੈ ਗਨੈ ਨ ਦੋਸ਼ ॥ ੪

॥ ਤੋਟਕ ਛੰਦ ॥ ਮਦਪਾਨਸਮਾਂਨ ਨ ਪਾਪ ਪਰੇ ॥ ਨਹਿ ਭੂਤ ਭਵਿੱਖਤਮੈਂਉਚਰੇ ॥ ਮਦਤਜਾਗ ਸਮਾਨ ਨ ਪੁੰਨਕਹੂੰ ॥ ਨਹਿ ਭੂਤ ਵਿਖੇ ਨ ਭਵਿੱਖਤ ਹੂੰ ॥ ੫ ॥ ਇਤੀ ਮਦੰ ॥ ੨ ॥ ਦੋਹਰਾ॥ ਸਤਕਰਤਾ ਉਪਦੇਸ਼ਾ ਉਪਕਾਰੀ ਅਨੁਮੰਤ। ਘਾਤਕ ਸ੍ਵਾਦਿਕ ਖਸੁ ਇਹ ਅਘ ਸਮ ਭਾਗੀ ਜੰਤ ॥ ੬ ॥ ਰਕਤ ਬਿੰਦ ਕਰ ਸੰਭਵੇਜੋ ਨਰਭੁੰਚਤ ਮਾਸ ॥ ਨਰਕ ਪਰੇ ਨਿਕਸੇ ਨਹੀਂ ਯਾਵਤ ਇੰਦੁ ਵਿਭਾਸ ॥ ੭ ॥ ਸਰਬਸੁੱਕ੍ਰ ਬ੍ਰਹਮਾ ਅਹ ਬਿਸ਼ਨੁ ਪਲਦ ਪਰਿਕਾਸ਼ ॥ ਈਸ਼ਰ ਸਰਬ ਸੰਘਾਤ ਹੈ ਤਾਂਤੇ ਮਤ ਭਖ ਮਾਸ॥ ੮ ॥ ਇਤੀ ਮਾਸ ॥ ੩ ॥ ਜਪ ਤਪ ਬ੍ਰਤ ਬਿਤ ਅਵਧ ਜਸ ਵਿੱਦ੍ਯਾ ਸਕੁਲ ਉਦਾਰ ॥ ਸ਼ੀਘ੍ਰ ਕਟੈ ਗਨਿਕਾ ਸਕਲ ਜੈਸੇ

ਲਤਾਕੁਠਾਰ ॥ ੯ ॥ ਸੁਰਾਮਾਸਗਨਿਕਾ ਤ੍ਰਿਤੀ ਮਨਕਾ ਮਣਕਾ ਜਾਸ ॥ ਤਿੰਨ ਸੰਗੇ ਦੁਖ ਹੋਤਹੈ ਤਿੰਨ ਸੰਗੇ ਦੁਖ ਨਾਸ ॥੧੦॥ ਇਤੀ ਵੇਸਯਾ ॥ ੪ ॥ ਕੁਲਖੈ ਕਲਹਿ ਕਲੇਸ ਉਰ ਧਨ ਹੇਤ ਧਰਮ ਪ੍ਰਹਾਰ ॥ ਇਤ ਉਪ ਅਪਜਸ ਲਭਤ ਸਠ ਜੋ ਭੋਗਤ ਪਰਨਾਰਿ ॥ ੧੧ ॥ ਨਿਜ ਯੁਵਤੀ ਕੇ ਹੋਤਹੀ ਸਠ ਲਪਟਹਿ ਪਰ ਨਾਰਿ ॥ ਭਰੇਤਾਲ ਸਭ ਠੌਰ ਪਰ ਕਾਕ ਅਚੈ ਘਟਵਾਰਿ ॥ ੧੨ ॥ ਇਤੀ ਪਰਇਸਤ੍ਰੀ ॥ ਮ੍ਰਿਗਝਖ ਸੰਤਨ ਵਿਹਤ ਬ੍ਰਿਤ ਤ੍ਰਿਣ ਸੰਬਰ ਸੰਤੋਖ ॥ ਲੁਭਧਕ ਝੀਵਰ ਦੁਸ਼ਟ ਜਨ ਕਰਹਿੰ ਅਕਾਰਣ ਦੋਖ ॥ ੧੩ ॥ ਛਪੈਛੰਦ ॥ਜੂਪਸੰਗਤੇ ਧਰਮ ਤਾੜ ਅਤਿਬਿਪਤਿਲਹੀ ਬਨ ॥ ਮਾਸ ਸੰਗ ਇਕ ਭੂਪ ਭਯੋ

ਬਕ ਦਯੋਸ੍ਰਾਪ ਮੁਨਿ ॥ ਯਾਦਵ ਨੰਦਨ ਨਾਸ ਭਏ ਮਦਪਾਨ ਕਰਯੋ ਜਬ ॥ ਕ੍ਰੀਚਕ ਬੇ ਸੌਭ੍ਰਾਤ ਕਾਮ ਕਰ ਨਾਸ ਭਏ ਸਭ ॥ ਨ੍ਰਿਪ ਮ੍ਰਿਗੀਯਾਕਰ ਪ੍ਰੀਖਤ ਹਤਯੋ ਚੋਰੀਕਰ ਸ਼ਿਵ ਭੂਪਹਤ ॥ ਪੁਨ ਪਰਨਾਰੀ ਕੀ ਪ੍ਰੀਤਿ ਕਰ ਸੀਸ ਦਏ ਦਸ ਲੰਕਪਤਿ ॥ ੧੪ ॥ ਇਕ ਇਕ ਕੀ ਸੰਗਤ ਕੀਏ ਭਏ ਨਰੋਤਮ ਨਾਸ ॥ ਜਾਮੈਂ ਸਾਤੋ ਵ੍ਯਸਨ ਹੈਂ ਕਥਾ ਕਹੈ ਕੋ ਤਾਸ ॥ ੧੫ ॥ ਚੌਦਸ ਦੋਹੇ ਇਕ ਛਪਾ ਤੋਟਕ ਏਕ ਬਤਾਇ ॥ ਪੰਦਾਂ ਕਹੇ ਸ਼ਲੋਕ ਸਭ ਲੋਕ ਪ੍ਰਲੋਕ ਸਹਾਇ ॥ ੧੬ ॥

ਇਤਿ ਸ੍ਰੀ ਸਾਰੁਕਤਾਵਲੀ ਤਿਹਦ੍ਵਾਦਸ ਅਧ੍ਯਾਇ ॥ ਸਪਤ ਵ੍ਯਸਨ ਵਰਨਨ ਕਰੇ ਕਵਿ ਹਰਿਦਯਾਲ ਸੁਭਾਇ ॥ ੧੨ ॥

ਦੋਹਰਾ ॥ ਅਬ ਤ੍ਰੋਦਸ ਅਧਯਾਇ ਮੈਂ ਇੰਦ੍ਰਯ ਵਿਖਿਆਨ
ਨਿੰਦ ॥ ਦੁਰਜਨ ਕੀ ਨਿੰਦਾ ਕਰੋਂ ਕਹਿਕੇ ਤੇਈ ਛੰਦ ॥ ੧੩॥
ਕਾਮ ਬਰੋਬਰ ਬਯਾਧ ਨਹਿ ਸ਼ਤ੍ਰੂ ਨ ਮੋਹ ਸਮਾਨ ॥ ਨਹਿ
ਅਗਨਿ ਨਹਿ ਕ੍ਰੋਧ ਸਮ ਸੁਖ ਨ ਸਮਾਨ ਗਿਆਨ ॥ ੧ ॥ ਕਰੀ
ਕਾਮ ਆਮਿਖ ਮਸਤ ਮ੍ਰਿਗ ਸ੍ਵਰ ਰੂਪ ਪਤੰਗ ॥ ਅਲਿਨ੍ਹ [illegible]
ਇਤਯਾਦਿ ਹਤ ਇਕ ਇਕ ਇੰਦ੍ਰਯਸੰਗ ॥ ੨ ॥ ਸ੍ਵਰ ਸ਼ਪਰਸ਼
ਰਸ ਰੂਪਗੰਧ ਪਾਂਚੋਂ ਕਾਰਨ ਨਾਸ ॥ ਜੇਜਨ ਪਾਂਚੋਂ ਵਸ ਭੁਏ
ਕਥਾ ਕਹੋ ਕੋ ਤਾਸ ॥ ੩ ॥ ਦੁਰਜਨ ਸੰਗ ਨ ਕੀਜੀਏ ਬਚਨ
ਨ ਤਾਂਹਿ ਬਖਾਨ ॥ ਕਰ ਕਲਾਲਨੀ ਦੁਗਧ ਭੀ ਪੁਰ ਤਿਹ
ਸਭ ਮਦ ਜਾਨ ॥ ੪ ॥ ਸੋਰਠਾ ॥ ਤੁਲ ਦੁਸ਼੍ਟ ਮਿਰਦੰਗ ਪਿੰੜ

ਤੂੰਡ ਮੈਂ ਜਬ ਪਰੈ ॥ ਤਬ ਲਗ ਬੋਲਤ ਢੰਗ ਨਾਤਰ ਨਿੰਦ
ਕੁਰਸ ਦੂਰੈ ॥ ੫ ॥ ਦੋਹਰਾ ॥ ਯੱਦਪਿ ਵਕਤਾ ਸਰਬ ਵਿਤ
ਅਰ ਸ੍ਰੋਤਾ ਖਲ ਹੋਇ ॥ ਬਚਨ ਫਲੇ ਨਹਿ ਤਾਸਮਨ ਜੋ
ਅਨੇਕ ਜੁਗ ਖੋਇ॥ ੬ ॥ ਜੈਸੇ ਸੁੰਦਰ ਸੁੰਦਰੀ ਖੋੜਸ ਕਰੈ
ਸਿੰਗਾਰ ॥ ਤੱਦਪਿ ਨਿਸਫਲ ਸਭ ਸਹੀ ਜੌ ਦ੍ਰਿਗ ਬਿਨ
ਭਰਤਾਰ॥ ੭ ॥ ਦਾਦੁਰ ਕਰ ਕੁਖ ਭਰਨ ਮੈਂ ਤਤਪਰ ਨਾਗ
ਅਨੇਕ ॥ ਸਮਰਥ ਧਰਨੀ ਧਰਨ ਮੈਂ ਸੇਖ ਨਾਗਹੀ ਏਕ ॥੮॥
ਉਦਰਭਰਣ ਤਤਪਰ ਭਏ ਭੇਖੀ ਸੰਤ ਅਨੰਤ ॥ ਜਗਤ ਜਲਧ
ਕੇਤਰਣਮੈਂ ਵਿਰਲਾਕੋ ਇਕ ਸੰਤ ॥ ੯ ॥ ਨਿੰਦਕ ਕ੍ਰਿਤਘਨ
ਪਿਸਨ ਜਨ ਪੁਨ ਜਿਹ ਕ੍ਰੋਧ ਬਿਸਾਲ ॥ ਚਾਰੋਂ ਕਰਮੋਂ ਕੇ

ਸ੍ਵਪਚ ਪੰਚਮ ਜਾਤ ਚੰਡਾਲ ॥ ੧੦ ॥ ਸਰਪ ਕ੍ਰੂਰਿ ਖਲ ਕ੍ਰੂਰ ਹੈ ਸਰਪਨ ਤੇ ਖਲ ਕ੍ਰੂਰ ॥ ਮੰਤ੍ਰੌਖਧਿ ਕਰ ਸਰੌਪ ਵਸ ਖੌਲ ਕੋ ਮੰਤ੍ਰ ਨ ਮੂਰ ॥੧੧॥ ਸੰਗ ਦੇਖ ਕਰ ਸੰਤਜਨ ਕਬੀ ਨ ਵਿਕ੍ਰੂਯ ਧਾਰ ॥ ਚੰਦਨ ਨਾਗਨ ਕਰ ਢਪਜੇ ਤੱਦਪਿ ਧਰੇ ਨ ਮਾਰ ॥ ੧੨ ॥ ਨੀਚਨ ਪਰਉਪਕਾਰ ਜੋ ਕੋਪ ਹੇਤੁ ਨਹਿ ਸ਼ਾਂਤ ॥ ਜਿਉਂ ਸਰਪਨ ਪੈ ਪਾਨ ਭੀ ਕੇਵਲ ਵਿਖ ਵਰਧਾਂਤ ॥ ੧੩ ॥ ਦ੍ਵੈ ਕਰ ਦ੍ਵੈ ਪਗ ਆਹਿ ਤਵ ਦ੍ਰਿਸ਼ਤਪੁਰਖ ਅਕਾਰ ॥ ਸੀਤ ਵਾਤਕੇ ਘਾਤ ਹਿਤ ਕਯੋਂ ਨਹਿ ਕਰੋ ਅਗਾਰ ॥ ੧੪ ॥ ਸੂਚੀਮੁਖ ਵਿਭਚਾਰਨੀ ਰੰਡੇ ਪੰਡਿਤ ਰਾਰ ॥ ਨਹਿ ਬਲ ਨਿਜ ਗ੍ਰਹਿ ਰਚਨ ਮੈਂ ਸਮਰਥ ਹਤ ਤਵ ਦ੍ਵਾਰ ॥੧੫॥

ਜੈਸੇ ਕੈਸੇ ਪੁਰਖ ਕੋ ਦੈ ਉਪਦੇਸ਼ ਨ ਸੰਤ ॥ ਮੂਰਖ ਕਪ ਬਿਨ ਗ੍ਰਿਹ ਕਰੀ ਚਟਕਾ ਜੋ ਗ੍ਰਿਹ ਵੰਤ ॥ ੧੬ ॥ ਊਚੇ ਥਿਤ ਊਚੋ ਨਹੀਂ ਊਚੇ ਗੁਨ ਕਰ ਹੋਇ ॥ ਕਾਕ ਅਟਾਰੀ ਪਰਬਹੇ ਪਰ ਕਹਾ ਖਗਪਤਿ ਸੋਇ ॥ ੧੭ ॥ ਨੀਚਨ ਕੀ ਸੰਗਤ ਕਰੇ ਨਸੇ ਬੇਗ ਬੈਰਾਗ ॥ ਪਰਾਧੀਨ ਭੀ ਸੁਖ ਨਸੇ ਅੱਬ੍ਰਛਾਯ ਤ੍ਰਿਣ ਆਗ ॥ ੧੮ ॥ ਕਬਿੱਤ ॥ ਕੋਊ ਏਕ ਬਿਪ੍ਰ ਆਹਿਸ਼ਭ੍ਰ ਬਨ ਮੈਂ ਮਨਾਇ ਤਾਂਬ੍ਰ ਪਾਤ੍ਰ ਕੋ ਦਬਾਇ ਲਿੰਗ ਲਿੰਗ ਕਯੋ ਹੈ। ਤਹਾਂ ਨੇਕ ਜਨ ਆਏ ਲਿੰਗ ਦੇਖ ਲਿੰਗ ਕਏ ਲਿੰਗ ਅਰਚਏ ਕਰ ਜਾਨ ਜੂਥ ਗਯੋ ਹੈ ॥ ਭੂਸੁਰ ਜੋ ਆਯੋ ਦੇਖ ਲਿੰਗ ਬਿਸਮਾਯੋ ਕਹੂੰ ਏਹ ਲਿੰਗਹੂੰ ਤੇ ਲਿੰਗ ਢੂੰਡ ਨਿਰਮਯੋ

ਹੈ ॥ ਪਾਤ੍ਰ ਨਹਿ ਪਾਇਏ ਤਬ ਬਿਪ੍ਰ ਯੌਂ ਅਲਾਏ ਤਾਂਹਿ ਪਾਤ੍ਰ ਲਿੰਗ ਚਿੰਨ੍ਹ ਕੀਨੋ ਮੂੜੋਂ ਨ ਲਖਯੋ ਹੈ ॥ ੧੯ ॥ ਸੋਰਠਾ ॥ ਜਗ ਕੀ ਭੇਡਾ ਚਾਲ ਚਲਤੇ ਕੇ ਪਾਛੈ ਚਲੈਂ ॥ ਪਰਮਾਰਤ ਨ ਸਮ੍ਹਾਲ ਦੇਖੋ ਜਗ ਕੀ ਮੂੜਤਾ ॥ ੨੦ ॥ ਦੋਹਰਾ ॥ ਫਲ ਕਰਕੇ ਤਰੁ ਤਰੇ ਹ੍ਵੈ ਨਿੰਮ ਅਤਿ ਸੂਤਿ ਵੇਂਤ ॥ ਸੂਕੇ ਬ੍ਰਿਖ ਜਯੋਂ ਤੁਟਤ ਹੈਂ ਝੁਕਤ ਨਹੀਂ ਖਲ ਜੰਤ ॥੨੧ ॥ ਕਬਿੱਤ ॥ ਨੀਰ ਕਰ ਸਿਖੀ ਕੇ ਨਿਵਾਰਨ ਮੈਂ ਸਮਰਥ ਛਾਯਾ ਕਰ ਦਿਵਾ ਕਰ ਆਤਮ ਨਿਵਾਰੀਯੇ ॥ ਸਮਦਮ ਤੰਗਵਸ ਹੋਤ ਤੀਖੇ ਡੰਡੇ ਕਰ ਧੇਨੁ ਭੈਂਸ ਰਾਸਭ ਕੋ ਦੰਡ ਕਰ ਟਾਰੀਯੇ ॥ ਭੇਖਜ ਕੀ ਸੰਗ੍ਰਹ ਕਰ ਬਜਾਧ ਕੋ ਪ੍ਰਹਾਰ ਕਰੈ ਮੰਤ੍ਰਨ ਕੇ ਬਲ ਤੇ ਭੁਜੰਗ ਮਾਰ

ਡਾਰੀਯੇ ॥ ਨਿਗਮ ਕਰੀਯੋਂ ਰਚੀ ਭੇਖਜ ਸਕਲ ਕੇਰੀ ਪਰ ਨੀਚ ਨਰ ਕੀ ਨ ਔਖਧਿ ਉਚਾਰੀਯੇ ॥ ੨੨॥ ਦੋਹਰਾ ॥ ਮਤਪ੍ਰਤੀਤ ਖਲ ਕੀ ਕਰੋ ਸੁਕੁਲ ਜਥੀ ਵਿਦ੍ਵਾਨ ॥ ਚੰਦਨ ਕੇ ਘਰ ਸਨ ਕਰੇ ਦਾਹਤ ਪ੍ਰਗਟ ਕ੍ਰਿਸਾਨ ॥੨੩॥ਬੀਸ ਦੋਹਰੇ ਦੋ ਕਬਿੱਤ ਏਕ ਸੋਰਠਾ ਜਾਨ ॥ ਤੀਨ ਬੀਸ ਸਭ ਛੰਦ ਹੈਂਹ੍ਰਿਦੈ ਸਟੋਰਰੁ ਭਾਨ ॥ ੨੪ ॥ ਇਤਿ ਸ੍ਰੀ ਸਾਰਕਤਾਵਲੀ ਤਾਸ ਤ੍ਰੈਦਸੋ ਧਜਾਇ ॥ ਨਿੰਦੈਖਲ ਇੰਦ੍ਰੈ ਵਿਖਯ ਮੁਕਤਿ ਨਮਿੱਤ ਵਿਹਾਇ ॥ ੨੫ ॥ ਦੋਹਰਾ ॥ ਸਿੱਖਯਾ ਵਰਨੈ ਚੌਦਸੇ ਚੌਦਸ ਛੰਦ ਉਚਾਰ॥ ਬੇਗ ਤ੍ਰਿਤਾਪ ਪ੍ਰਹਾਰ ਹੈ ਜਿਉਂ ਘਨ ਬਾਰ ਬਿਹਾਰ ॥ ੧ ॥ ਨਰਾਜ ਛੰਦ ॥ ਹਿਤੀਖਣਾ ਜਹਾਂ ਅਹੇ

ਤਹਾਂ ਨਹੀਂ ਮਨੀਖਣਾ ॥ ਮਨੀਖਣਾ ਜਹਾਂ ਅਹੇ ਤਹਾਂ ਨਹੀਂ ਹਿਤੀਖਣਾ ॥ ਸਮਾਦਿ ਵੇਦ ਵੇਦ ਭੀ ਸੁ ਦੁਰਲਭੰ ਉਭੈ ਅਹੈ ॥ ਯਬੋਖਧੀ ਸੁਆਦਵੰਤ ਬ੍ਯਾਧਿ ਮੂਲ ਤੇਦ ਹੈ ॥੧॥ ਛਪੈ ਛੰਦ ॥ ਬਿਰਖਹੀਣ ਫਲ ਹੀਨ ਬਿਹੰਗਮ ਬੇਗ ਤਿਆਗੈ ॥ ਕਾਨਨ ਦਗਧੋ ਦੇਖ ਹਰਨ ਆਦਿਕ ਸਬ ਭਾਗੈ ॥ ਫੂਲ ਮਾਲ ਨਿਰ ਗੰਧ ਗਲੇਤੇ ਤ੍ਯਾਗੈਂ ਸਭ ਨਰ ॥ ਸਾਰਸ ਤਜਾਗੇ ਬੇਗ ਨੀਰ ਬਿਨ ਪੇਖ ਸਰੋਵਰ ॥ ਪੁਨ ਗਨਿਕਾ ਨਿਰਧਨ ਨਰ ਤਜੈ ਭ੍ਰਿਸ੍ਰ ਨ੍ਰਿਪਤਿ ਭ੍ਰਿਤ ਤਜਤ ਹੀ ॥ ਜਨ ਸਗਲੇ ਸ੍ਵਾਰਥ ਵਸ ਰਮੈਕੋ ਕਾਹੂ ਪ੍ਯਾਰੋ ਨਹੀਂ ॥ ੨ ॥ ਦੋਹਰਾ ॥ ਪਸੁਧਨ ਅਦਨ ਕਨਕ ਅਰਧ ਅਹੈ ਸਰਬ ਧਨ ਧਾਮ ॥ ਮਿਤ੍ਰ ਸੀਲ ਬਿੱਦਯਾ

ਕ੍ਰਿਤੀ ਅਤਿ ਸੈ ਧਨਕੀ ਖਾਨ ॥ ੩ ॥ ਬਿਨਾਂ ਭ੍ਯਾਸ ਵਿਦ੍ਯਾ
ਨਹੀਂ ਵਿੱਦ੍ਯਾ ਬਿਨੁ ਧਨੁ ਨਾਹਿ ॥ ਬਿਨਾਂ ਦਰਬ ਨਹਿ ਮਿਤ੍ਰ
ਹੈ ਮਿਤ੍ਰ ਬਿਨਾਂਬਲ ਕਾਂਹਿ ॥ ੪ ॥ ਤਬ ਲਗਹੀਗੁਣ ਗੌਰਤਾ
ਜਬ ਲਗ ਕਹੇ ਨ ਦੇਹ ॥ ਦੇਹ ਕਹੇਤੇ ਖੇਹ ਸਭ ਗੁਣ ਗੌਰਵ
ਪਿਨ ਦੇਹ ॥ ੫ ॥ ਮੰਤ੍ਰੋਖਧਿ ਸਿਧਿ ਅਵਧ ਧਨ ਮੈਥੁਨ ਦਾਨ
ਕੁਮੇਵ ॥ ਦੁਰਭੋਜਨ ਇਨ ਨਵਨ ਕੋ ਸੁਧੀ ਨ ਪ੍ਰਗਟ ਕਰੇਵ
॥ ੬ ॥ ਅਰਥਨਾਸ ਮਨ ਤਾਪ ਹੈ ਦੂਰ ਚਰਿਤ੍ਰ ਗ੍ਰਿਹ ਮਾਂਹਿ
ਮਾਨ ਭੰਗ ਬੰਚਨ ਕਹੂੰ ਧੀਰ ਪਾਂਖ ਕਹਿ ਨਾਂਹਿ ॥ ੭ ॥ ਕਾਰ
ਦਾਰ ਮੈਥੁਨ ਕਰਜ ਗਰਭ ਚਾਂਰ ਜੋ ਏਹ ॥ ਪ੍ਰਥਮੇ ਸੁਖੁ
ਪ੍ਰਾਪਤ ਕਰੇਂ ਪਾਛੇ ਬਹੁ ਦੁਖ ਦੇਹ ॥ ੮ ॥ ਸੂਪਕਾਰ ਕਵਿ

ਬੈਦ ਨ੍ਰਿਪ ਸ਼ਸਤ੍ਰੀ ਮਰਮੀ ਜਾਨ ॥ ਸ੍ਵਾਮਿ ਬੰਦਿਨੀ ਮੁਗਧਨਰ ਮਤ ਕ੍ਰਪਾਇ ਮਤਿ ਜਾਨ ॥ ੯ ॥ ਅਰਤ ਪਤੀ ਨ੍ਰਿਪ ਅਤਿ ਤਪੀ ਵਿਦਜਾਧਿਕ ਮਠ ਮਾਹਿ ॥ ਵਿਦੁਖ ਗੁਰੂ ਅਰਿਅਸ਼ਟ ਕੋ ਧੀਰੋ ਤਰਵੇ ਨਾਹਿ ॥ ੧੦ ॥ ਬਰ ਬਿਚਾਰ ਬਿੱਦਜ਼ਾ ਹੁਤੇ ਬੁਧਿ ਬਿਨ ਵਿੱਦਜ਼ਾ ਨਾਸ ॥ ਬਿਨ ਬਿਚਾਰ ਜਜੋਂ ਕਾਰਕੈ ਕੇਹਰ ਕਰਜੋ ਬਿਨਾਸ ॥ ੧੧ ॥ ਜਿਹ ਬਿਚਾਰ ਹੈ ਬਲ ਤਿਸੈ ਬਿਨ ਬਿਚਾਰ ਬਲ ਨਾਂਹਿ ॥ ਏਕ ਪ੍ਰਮੱਤ ਨਾਹਰ ਬਨੇ ਸਸੇ ਬਿਨਾਸਜੋ ਤਾਂਹਿ । ੧੨ ॥ ਦੁਵੈਆ ਛੰਦ ॥ ਰਿਣ ਰਿਪੁ ਅਗਨਿ ਤਿਨਾਸ ਮਜ਼ਾਰੀ ਕਰ ਬਿਲਮ ਨਹਿ ਸਮਾ ਪਛਾਨ ॥ ਕੈਨਜ਼ਾਦਾਨੇ ਧਰਮਾਰੰਭੇ ਵਿੱਦਜ਼ਾ ਪਢਨੇ ਧਨਕੇ ਲਜਾਨ ॥

ਅਵਸਰ ਦੇਖ ਪਦਾਰਥ ਚਾਰੋਂ ਕਰੇ ਸ਼ੀਘ੍ਰ ਜੋ ਸੋ ਬੁਧਿਮਾਨ ॥
ਖਿਣ ਖਿਣ ਖੀਣ ਕਾਲ ਤਨ ਕਰ ਹੈ ਭੂਲੇ ਕਾਲ ਫਿਰ ਮਿਲੈ
ਨਪਾਨ ॥ ੧੩ ॥ ਦੋਹਰਾ ॥ ਨਾਰਿਕਲਹਿਣੀ ਗ੍ਰਾਮਘਰ ਦੇਹ
ਦੁਖੀ ਨ੍ਰਿਪ ਨੀਤ ॥ ਪਰਵਸ ਪਾਂਚੋਂ ਨਰਕ ਕੋ ਜੀਵਤ ਹੀ ਹੈ
ਮੀਤ ॥ ੧੪ ॥ ਇਕ ਨਰਾਜ ਏਕੋ ਛਪਾਏਕ ਦੁਵੈਯਾ ਛੰਦ॥ ਸੰਕਰ
ਦੋਹੇਸੰਕਰੀ ਚੌਦਸ ਛੰਦਾਨੰਦ ॥ ੧੫ ॥ ਇਤਿ ਸ੍ਰੀ ਸਾਰੁਕਤਾ-
ਵਲੀ ਤਿਹ ਚੌਦਸ ਅਧ੍ਯਾਇ ॥ ਸਿਖ੍ਯਾ ਵਰਨੀਤਾਸ ਮੈਂ ਕਵਿ
ਹਰਿਦ੍ਯਾਲ ਸੁਭਾਇ ॥ ੧੬ ॥ ਦੋਹਰਾ ॥ ਅਥਪੰਦ੍ਸ
ਅਧ੍ਯਾਇ ਮੈਂ ਮਿਸ੍ਰਤ ਇੱਕੀ ਛੰਦ ॥ ਪਟਹ੍ਹੈਸਭ ਘਟ ਮੈਂ ਨਟੈ
ਇਤ ਉਤਮੈਂ ਆਨੰਦ ॥ ੧ ॥ ਨਰਾਜ ਛੰਦ ॥ ਪਤਾਲਮੈਪ੍ਰਵੇਸ਼

ਇੰਦ੍ਰਲੋਕ ਮੈ ਪ੍ਰਵੇਸਹੈ॥ ਗਿਰਿੰਦ ਜੋ ਸੁਮੇਰ ਚਾਹੁ ਤਾਂਹਿ ਪੈਨਿ ਵੇਸਹੈ॥ ਜੁਮੰਤ੍ਰ ਭੇਖ ਜੋਕਰੇ ਬਿਆਧ ਹਾਰ ਕਾਰਣੰ ॥ ਜੁ ਹੋਨ ਹੈ ਸੁਹੋਇ ਅੱਤ੍ਰ ਹੇਤ ਨ ਖਿਚਾਰਣੰ ॥ ੧ ॥ ਦੋਹਰਾ ॥ ਮੂਰਖ ਕਾ ਬਲ ਮੌਨ ਹੈ ਤਸਕਰ ਕਾ ਬਲ ਝੂਠ ॥ ਦੁਰਬਲ ਕੋ ਬਲ ਭੂਪ ਹੈ ਸਿਸ ਬਲ ਰੋਵਨ ਰੂਠ ॥ ੨ ॥ ਪ੍ਰਾਤ ਅੰਨ ਭੋਜਨ ਕਰਯੋ ਸਾਂਝ ਸਮੇ ਦੁਤਿ ਨਾਸ ॥ ਤਿਹ ਰਸ ਕਰ ਉਪਜੇ ਜੁਤਨ ਕਹਾਂ ਨਿੱਤਤਾ ਤਾਸ ॥ ੩ ॥ ਸੋਰਠਾ ॥ ਸਭ ਅਨਿੱਤ ਹੈ ਕਾਯ ਸਭ ਵਿਭੂਤਿ ਖਿਨ ਭੰਗਰੀ ॥ ਨਿਕਟ ਕਾਲ ਨਿਤ ਆਇ ਧਰਮ ਸੰਗ੍ਰਹੈ ਯੋਗ ਅਬ ॥ ੪ ॥ ਸਵੈਯਾ ਆਧਿ ਬਿਆਧਿ ਬਿਨਾਂ ਤਨ ਮਾਨਸਮਾਨਸ ਜੋ ਅਪਨੋ ਜਬਹੇਰੇ ॥ ਅੰਨ ਪਟਾਦਿ

ਕ੍ਰੋਧ ਲੋਭਾਦਿ ਕਲਦਰ ॥ ਜੋ ਬਡ ਭਾਗ ਵਿਰਾਗ ਚਹੇ ਤਬ
ਤਜਾਗ ਦਏ ਇਤਿ ਆਦਿਕ ਸੰਦਰ ॥ ੧੦ ॥ ਕਾਮ ਕਹੇ ਮਮ
ਰਾਖਤ ਜੋ ਤਿਨਕੀ ਰੱਖਜਾ ਤਿੰਨ ਦੇਵ ਕਰੈਂਗੇ ॥ ਜੋ ਮਮ
ਤਜਾਗ ਕੁ ਭੂਮਿ ਬਿਖੈ ਤਿਨ ਦੇਵ ਕੁਪੈਂ ਤਿਨ ਸੂਖ ਹਰੈਂਗੇ ॥
ਠੌਰ ਨਹੀਂ ਤਿਨ ਲੋਕ ਬਿਖੇ ਤ੍ਰਿਨਯੌਂ ਭ੍ਰਮਹੈਂ ਸੂਮਪੁੰਜਧਰੈਂਗੇ
॥ ਜਾਰਤ ਹੈਂ ਤਿਨ ਤਾਪ ਤਿਨੈ ਮਮ ਧਾਰਤ ਆਰੁਤ ਸਿੰਧੁ
ਤਰੈਂਗੇ ॥ ੧੧ ॥ ਚੰਚਲ ਸੰਗਤ ਤੇ ਚਿਤ ਚੰਚਲ ਅੰਚਲ
ਦਾਗ ਲਗੇ ਕਿਲਖਾਸੋਂ ॥ ਤਾਂਸੋਕਦਾਚਿਤ ਬਾਚਤ ਨਾ ਅਨਥਾ
ਨਹਿ ਬਾਚਤ ਕੋਟ ਕਲਾ ਸੋਂ ॥ ਅੰਮ੍ਰਿਤ ਪਾਨ ਕਲਾਲ ਗ੍ਰੇਹ
ਪਰ ਜਾਨੇ ਸ਼ਰਾਬ ਸਭੀ ਅਕਲਾਸੋਂ ॥ ਨੀਚ ਕੀ ਸੰਗਤ ਤੇ ਮੀਚ